The motion was carried.

THE NANGAL TOWNSHIP (PERIPHERY) CONTROL BILL, 1958

Minister for Irrigation and Power (Sardar Gian Singh Rarewala) : Sir, I beg to move—

That the Nangal Township (Periphery) Control Bill, be taken into consideration at once.

जनाबेआली, यह जो Nangal Township कायम हुआ है इस के मुतअल्लिक पहले यह ख्याल था कि शायद यह एक आर्जी चीज़ हो। लेकिन अब यह मुस्तकिल शक्ल अख्तियार करेगा और एक planned Town होगा। दुनिया के हर गोशे से बड़े से बड़े आदमी भाखड़ा को देखने के लिये आते हैं और वहां पर ठहरते हैं। यह एक बैनुलकुवामी अहमियत की जगह है। इस लिये ऐसे Town के इर्दगिर्द अगर haphazard growth हो तो न सिर्फ उस को यह बदशक्ल बना देती है बल्कि उस में गलाज़त और इस किस्म की दूसरी कई चीज़ें पैदा हो जाती हैं। इन बातों को in view रखते हुए यह ज़रूरी समझा गया है कि इस Town के इर्द गिर्द जो आबादी खड़ी हो, वह haphazard way में न हो। उस को control करने के लिये यह Bill House में लाया गया है। मैं समझता हूं कि यह जो इस के अगराज़ो मकासद हैं उन को मद्देनज़र रखते हुए House इस पर ज्यादा बहस करने के बगैर इस को consider करेगा और पास करेगा।

Mr. Speaker : Motion moved—

That the Nangal Township (Periphery) Control Bill, be taken into consideration at once.

ਪੰਡਤ ਰਾਮ ਕਿਸ਼ਨ ਭੜੋਲੀਆਂ (ਊਨਾ) : ਸ਼੍ਰੀਮਾਨ ਸਪੀਕਰ ਸਾਹਿਬ, ਇਹ ਜਿਹੜਾ ਬਿਲ ਹਾਊਸ ਦੇ ਸਾਹਮਣੇ ਪੇਸ਼ ਕੀਤਾ ਗਿਆ ਹੈ ਮੈਂ ਇਸ ਦੀ ਮੁਖਾਲਫਤ ਕਰਨ ਲਈ ਖੜਾ ਹੋਇਆ ਹਾਂ। ਮੈਂ ਹੈਰਾਨ ਹਾਂ ਕਿ ਸਰਦਾਰ ਗਿਆਨ ਸਿੰਘ ਰਾੜੇ ਵਾਲਾ ਵਰਗੇ ਆਦਮੀ ਜਿਹੜੇ ਬੜੇ highly educated ਹਨ ਅਤੇ ਬੜੇ ਸਮਝਦਾਰ ਵੀ ਹਨ ਉਨ੍ਹਾਂ ਵਲੋਂ ਇਹੋ ਜਿਹਾ ਬਿਲ ਪੇਸ਼ ਕੀਤਾ ਜਾ ਰਿਹਾ ਹੈ ਅਤੇ ਇਹ ਇਹੋ ਜਿਹੇ ਢੰਗ ਨਾਲ ਪੇਸ਼ ਕੀਤਾ ਜਾ ਰਿਹਾ ਹੈ ਜਿਸ ਨੂੰ ਵੇਖ ਕੇ ਮੈਨੂੰ ਇਹ ਮਾਲੂਮ ਹੁੰਦਾ ਹੈ ਕਿ ਇਸ ਬਿਲ ਦੇ ਬਣਾਉਣ ਵਾਲਿਆਂ ਨੂੰ ਨੰਗਲ ਟਾਊਨ ਦੇ ਇਰਦ ਗਿਰਦ ਦੇ ਜੁਗਰਾਫੀਏ ਦੀ ਕੋਈ ਵਾਕਫੀਅਤ ਨਹੀਂ। ਨੰਗਲ ਟਾਊਨ ਜਿਹੜਾ ਹੈ ਉਸ ਦੇ ਸ਼ਮਾਲ ਤੋਂ ਲੈ ਕੇ ਜਨੂਬ ਵਾਲੇ ਪਾਸੇ ਨੂੰ ਇਕ ਬੜਾ ਉੱਚਾ ਪਹਾੜ ਹੈ ਅਤੇ ਦੂਸਰੇ ਪਾਸੇ ਮਸ਼ਰਕ ਤੋਂ ਜਨੂਬ ਨੂੰ ਦਰਿਆ ਸਤਲੁਜ ਹੈ। ਦਰਿਆ ਸਤਲੁਜ ਜਿਹੜਾ ਹੈ ਉਹ ਸ਼ਮਾਲ ਤੋਂ ਮਗਰਬ ਦੀ ਬਜਾਏ ਜਨੂਬ ਨੂੰ ਹੋ ਜਾਂਦਾ ਹੈ। ਇਸ ਦੇ ਦਰਮਿਆਨ ਨੰਗਲ ਟਾਊਨਸ਼ਿਪ ਹੈ। ਉਸ ਦੇ ਨਾਲ ਬਿਲਕੁਲ ਇਕ ਪਾਸੇ ਨੇੜੇ ਹੀ ਦਰਿਆ ਸਤਲੁਜ ਦੀ ਲੀਕ ਹੈ ਅਤੇ ਫੇਰ ਜ਼ਿਲਾ ਕਾਂਗੜਾ ਨਾਲ ਲਗਦਾ ਹੈ। ਨੰਗਲ ਟਾਊਨ ਦੇ ਦੂਸਰੇ ਪਾਸੇ ਹਿਮਾਚਲ ਦੀਆਂ ਪਹਾੜੀਆਂ ਲਗਦੀਆਂ ਹਨ। ਇਨ੍ਹਾਂ ਨੇ, ਸਪੀਕਰ ਸਾਹਿਬ, ਜਿਹੜਾ ਬਿਲ ਪੇਸ਼ ਕੀਤਾ ਹੈ ਉਸ ਦੇ ਵਿਚ ਇਹ ਗਲ ਕਹੀ ਗਈ ਹੈ ਕਿ ਇਸ ਦੇ ਇਰਦ ਗਿਰਦ ਪੰਜ ਮੀਲਾਂ ਦੇ ਏਰੀਏ ਦੇ ਅੰਦਰ ਅੰਦਰ ਕੋਈ ਆਦਮੀ ਡਿਪਟੀ ਕਮਿਸ਼ਨਰ ਦੀ ਇਜਾਜ਼ਤ ਤੋਂ ਬਗੈਰ ਮਕਾਨ ਨਹੀਂ ਬਣਾ ਸਕਦਾ।

ਡੀ. ਸੀ. ਦੇ ਮਾਅਨੇ ਜਿਸ ਤਰ੍ਹਾਂ ਇਸ ਬਿਲ ਵਿਚ ਦਸੇ ਗਏ ਹਨ ਉਹ ਇਹ ਹਨ ਕਿ 'Deputy Commissioner means the Deputy Commissioner of the Hoshiarpur District'. ਮੈਂ ਬੜੇ ਅਦਬ ਨਾਲ ਪੁਛਣਾ ਚਾਹੁੰਦਾ ਹਾਂ ਕਿ ਨੰਗਲ ਦੇ ਇਕ ਪਾਸੇ ਹਿਮਾਚਲ ਲਗਦਾ ਹੈ ਪਰ ਉਹ ਤੁਹਾਡੇ ਬਿਲ ਦੇ ਮੁਤਾਬਿਕ ਦਖਲ ਨਹੀਂ ਦੇ ਸਕਦਾ। ਇਸੇ ਤਰ੍ਹਾਂ ਦੂਜੇ ਪਾਸੇ ਕਾਂਗੜਾ district ਲਗਦਾ ਹੈ। ਉਥੇ ਦਾ ਡੀ. ਸੀ. ਵੀ ਦਖਲ ਨਹੀਂ ਦੇ ਸਕਦਾ। ਤਾਂ ਫੇਰ ਇਹ ਕੰਮ ਕਿਸ ਤਰ੍ਹਾਂ ਚਲੇਗਾ ਕਿਉਂਕਿ ਤੁਸੀਂ ਜੋ ਡੀ. ਸੀ. ਦੀ ਤਾਰੀਫ ਲਿਖੀ ਹੈ ਉਹ ਸਿਰਫ ਹੁਸ਼ਿਆਰ ਪੁਰ ਦੇ ਡੀ. ਸੀ. ਦੀ ਲਿਖੀ ਹੈ ਲੇਕਿਨ ਦਖਲ ਉਥੇ ਹਿਮਾਚਲ ਤੇ ਕਾਂਗੜੇ ਦਾ ਵੀ ਹੈ। ਇਹ ਠੀਕ ਹੈ ਕਿ ਇਸ ਵਿਚ ਇਹ ਵੀ ਲਿਖਿਆ ਹੈ ਕਿ ਗੌਰਮਿੰਟ ਕੋਈ ਹੋਰ ਆਦਮੀ appoint ਕਰ ਸਕਦੀ ਹੈ। ਲੇਕਿਨ ਇਸ ਦੇ ਇਹ ਮਾਅਨੇ ਨਹੀਂ ਨਿਕਲ ਸਕਦੇ ਕਿ ਉਹ ਡੀ. ਸੀ. ਹਿਮਾਚਲ ਦਾ ਹੋਵੇਗਾ ਜਾਂ ਕਾਂਗੜੇ ਦਾ ਹੋਵੇਗਾ। ਇਹ ਗੱਲ ਨਹੀਂ ਹੈ। ਇਹ ਗੱਲ ਮੈਂ ਜ਼ਰੂਰ ਕਹਾਂਗਾ ਕਿ ਇਸ ਬਿਲ ਦਾ ਜੋ ਮਨਸ਼ਾ ਦਸਿਆ ਗਿਆ ਹੈ ਉਹ ਵਾਕਈ ਬਹੁਤ ਚੰਗਾ ਹੈ। ਜਿਸ ਤਰ੍ਹਾਂ ਇਨ੍ਹਾਂ ਨੇ ਦਸਿਆ ਹੈ ਕਿ ਨੰਗਲ ਭਾਖੜਾ ਬੈਨਉਲਕੁਆਮੀ ਸ਼ੋਹਰਤ ਹਾਸਿਲ ਕਰ ਚੁਕਿਆ ਹੈ, ਇਹ ਬਿਲਕੁਲ ਠੀਕ ਹੈ। ਇਸ ਉਪਰ ਸਾਨੂੰ ਪੰਜਾਬ ਵਾਲਿਆਂ ਨੂੰ ਬੜਾ ਭਾਰੀ ਮਾਣ ਹੈ। ਲੇਕਿਨ ਇਕ ਗੱਲ ਮੈਂ ਮਨਿਸਟਰ ਸਾਹਿਬ ਕੋਲੋਂ ਹੀ ਨਹੀਂ ਬਲਕਿ ਸਾਰੀ ਮਨਿਸਟਰੀ ਕੋਲੋਂ ਹੀ ਪੁਛਣਾ ਚਾਹੁੰਦਾ ਹਾਂ ਕਿ ਜਿਸ ਨੰਗਲ ਦੀਆਂ ਤੁਸੀਂ ਇਤਨੀਆਂ ਗੱਲਾਂ ਕਰਦੇ ਹੋ ਤੁਹਾਡੇ ਵਿਚੋਂ ਅੱਜ ਤਕ ਕਿਸੇ ਨੇ ਉਹ ਨੰਗਲ ਪਿੰਡ ਜਾ ਕੇ ਵੀ ਕਦੇ ਵੇਖਿਆ ਹੈ ਕਿ ਉਹ ਕਿਥੇ ਹੈ ਅਤੇ ਉਸ ਦੀ ਕੀ ਹਾਲਤ ਹੈ? ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਉਸ ਨੰਗਲ ਪਿੰਡ ਲਈ ਰਸਤਾ ਨਹੀਂ ਹੈ। ਸਾਰੇ ਸੂਬੇ ਨੂੰ ਉਥੋਂ ਬਿਜਲੀ ਜਾ ਰਹੀ ਹੈ ਪਰ ਅਜੇ ਤਕ ਉਥੇ ਬਿਜਲੀ ਵੀ ਨਹੀਂ ਗਈ ਹੈ। ਇਨ੍ਹਾਂ ਗੱਲਾਂ ਨੂੰ ਤਾਂ ਤੁਸੀਂ ਛਡੋ; ਮੈਂ ਤੁਹਾਨੂੰ ਇਕ ਹੋਰ ਹੈਰਾਨੀ ਵਾਲੀ ਗੱਲ ਦਸਦਾ ਹਾਂ। ਸਪੀਕਰ ਸਾਹਿਬ, ਤੁਸੀਂ ਹੈਰਾਨ ਹੋਵੋਗੇ ਕਿ ਉਥੋਂ ਨਹਿਰਾਂ ਨਿਕਲੀਆਂ ਹਨ ਪਰ ਉਸ ਪਿੰਡ ਵਿਚ ਅਜੇ ਪੀਣ ਲਈ ਪਾਣੀ ਵੀ ਨਹੀਂ ਗਿਆ ਹੈ। ਇਹ ਹਾਲ ਉਸ ਨੰਗਲ ਦੇ ਪਿੰਡ ਦਾ ਹੈ ਜਿਸ ਦੇ ਬਾਰੇ ਕਿਹਾ ਜਾਂਦਾ ਹੈ ਕਿ ਉਹ ਬੈਨਉਲਕੁਵਾਮੀ ਸ਼ੋਹਰਤ ਦਾ township ਬਣ ਗਿਆ ਹੈ। ਜਿਸ ਦੇ ਬਾਰੇ ਇਹ ਕਿਹਾ ਜਾਂਦਾ ਹੈ ਕਿ ਉਸ ਨੂੰ ਅਸੀਂ ਨਿਹਾਇਤ ਖੂਬਸੂਰਤ ਬਣਾਉਣਾ ਚਾਹੁੰਦੇ ਹਾਂ ਅਤੇ ਜਿਸ ਦੇ ਬਾਰੇ ਇਹ ਦਾਅਵਾ ਕੀਤਾ ਜਾਂਦਾ ਹੈ ਕਿ ਹੁਣ ਤਾਂ ਉਹ ਇਗੜ ਦੁਗੜਾ town ਬਣਿਆ ਹੈ ਅਤੇ ਹੁਣ ਅਸੀਂ ਉਸ ਨੂੰ planned ਤਰੀਕੇ ਨਾਲ ਬਣਾਉਣਾ ਚਾਹੁੰਦੇ ਹਾਂ। *(At this stage Mr. Deputy Speaker occupiea the Chair.)* ਡਿਪਟੀ ਸਪੀਕਰ ਸਾਹਿਬ, 1945 ਤੋਂ ਉਥੇ ਅਸਲੀ ਤੌਰ ਤੇ ਕੰਮ ਸ਼ੁਰੂ ਹੋਇਆ ਸੀ। ਖੈਰ, ਤੁਸੀਂ 1947 ਤੱਕ ਤੇ ਦੋ ਸਾਲ ਛਡ ਦਿਉ ਕਿਉਂਕਿ ਅੰਗਰੇਜ਼ ਦਾ ਰਾਜ ਸੀ। ਪਰ ਇਨ੍ਹਾਂ ਦੇ ਆਪਣੇ ਰਾਜ ਦੇ ਵੀ ਅੱਜ 11 ਸਾਲ ਗੁਜ਼ਰ ਚੁਕੇ ਹਨ ਅਤੇ ਇਨ੍ਹਾਂ ਗਿਆਰਾਂ ਸਾਲਾਂ ਵਿਚ ਉਥੇ ਇਹ ਨਾ ਪਾਣੀ ਪਹੁੰਚਾ ਸਕੇ ਹਨ, ਨਾ ਬਿਜਲੀ ਪਹੁੰਚਾ ਸਕੇ ਹਨ ਅਤੇ ਨਾ ਹੀ ਉਸ ਪਿੰਡ ਨੂੰ ਇਹ ਰਸਤਾ ਦੇ ਸਕੇ ਹਨ ਪਰ ਕਹਿੰਦੇ ਇਹ ਗੱਲ ਹਨ ਕਿ ਉਸ ਨੂੰ ਖੂਬਸੂਰਤ ਬਣਾਉਣਾ ਚਾਹੁੰਦੇ ਹਾਂ ਤਾਕਿ ਬਾਹਰ ਦੇ ਦੇਸ਼ਾਂ ਦੇ visitors ਅਤੇ ਆਪਣੇ ਮੁਲਕ ਦੇ ਸੂਬਿਆਂ ਤੋਂ ਆਉਣ ਵਾਲਿਆਂ ਲੋਕਾਂ ਤੇ ਬੁਰਾ ਅਸਰ ਨਾ ਪਵੇ ਅਤੇ ਉਨ੍ਹਾਂ ਨੂੰ ਸੁਹਣਾ ਲਗੇ। ਲੇਕਿਨ ਹਾਲਤ ਇਹ ਹੈ ਕਿ ਨਹਿਰ ਨਿਕਲੀ ਨੂੰ 8, 10 ਸਾਲ ਹੋ ਗਏ ਹਨ ਪਰ ਅਜੇ ਤਕ ਵੀ ਨਹਿਰ ਦੇ ਦੋਨੋਂ ਪਾਸੇ ਮਲਬੇ ਦੇ ਢੇਰ

[ਪੰਡਤ ਰਾਮ ਕਿਸ਼ਨ ਭੜੋਲੀਆਂ]

ਲਗੇ ਹੋਏ ਹਨ ਅਤੇ ਉਸ ਨੂੰ ਇਹ ਚੁਕਵਾ ਨਹੀਂ ਸਕੇ ਹਨ। ਮੈਂ ਇਕ ਹੋਰ ਅਰਜ਼ ਕਰਨੀ ਚਾਹੁੰਦਾ ਹਾਂ ਅਤੇ ਉਹ ਇਹ ਹੈ ਕਿ ਇਹ ਬਿਲ ਇਕ ਹੋਰ ਸੂਰਤ ਵਿਚ ਵੀ ਬਹੁਤ ਜ਼ਿਆਦਾ ਖਤਰਨਾਕ ਹੈ। ਇਹ ਖਤਰਨਾਕ ਕਿਉਂ ਹੈ ਇਸ ਪਾਸੇ ਮੈਂ ਆਪ ਦੀ ਤਵਜੁਹ ਦਿਲਾਣੀ ਚਾਹੁੰਦਾ ਹਾਂ। ਆਪ ਨੂੰ ਪਤਾ ਹੈ ਅਤੇ ਹਾਊਸ ਦੇ ਸਾਰੇ ਮੈਂਬਰਾਂ ਨੂੰ ਵੀ ਪਤਾ ਹੈ ਕਿ ਦਰਿਆ ਸਤਲੁਜ ਦੇ ਲਹਿੰਦੇ ਪਾਸੇ ਮਰਕਜ਼ੀ ਸਰਕਾਰ ਵਲੋਂ ਇਕ fertilizer factory ਬਣਨ ਲਗੀ ਹੈ। ਇਸ ਕਰਕੇ ਉਥੇ ਦੇ 6 ਪਿੰਡ ਤਾਂ ਸਾਲਮ ਉਠ ਜਾਣੇ ਹਨ ਅਤੇ ਸੱਤਵਾਂ ਪਿੰਡ ਜੋ ਹੈ ਉਸ ਦੇ ਵੀ ਬਹੁਤ ਸਾਰੇ ਘਰ ਉਠ ਜਾਣੇ ਹਨ। ਉਨ੍ਹਾਂ ਨੂੰ ਵਸਾਉਣ ਲਈ ਸਰਕਾਰ ਨੇ ਜੋ ਜ਼ਮੀਨ acquire ਕੀਤੀ ਹੈ ਉਹ Nangal Township ਦੀ ਇਕ side ਤੇ ਹੈ। ਉਥੇ ਦੇ ਜੋ ਕਿਸਾਨ ਉਠਾਏ ਜਾਣੇ ਹਨ ਉਨ੍ਹਾਂ ਨੂੰ ਸਾਡੀ ਇਸ ਸਰਕਾਰ ਨੇ ਬਹੁਤ ਘੱਟ ਮੁਆਵਜ਼ਾ ਦਿਤਾ ਹੈ ਜਿਸ ਲਈ ਕਿ ਉਨ੍ਹਾਂ ਕਿਸਾਨਾਂ ਨੂੰ ਉਸ award ਦੇ ਖਿਲਾਫ ਅਪੀਲਾਂ ਕਰਨੀਆਂ ਪਈਆਂ ਹਨ ਅਤੇ ਅੱਜ ਵੀ ਉਨ੍ਹਾਂ ਦੀ ਅਪੀਲ Senior Sub-Judge ਦੇ ਕੋਲ ਪੇਸ਼ ਹੈ। ਇਸ ਬਿਲ ਦੇ ਪਾਸ ਹੋ ਜਾਣ ਨਾਲ ਉਨ੍ਹਾਂ ਨੂੰ ਫੇਰ ਅਪੀਲਾਂ ਕਰਨੀਆਂ ਪੈਣਗੀਆਂ। ਇਕ ਪਾਸੇ ਤਾਂ ਉਨ੍ਹਾਂ ਨੂੰ ਮੁਆਵਜ਼ਾ ਬਹੁਤ ਘਟ ਮਿਲਿਆ ਹੈ, ਦੂਜੇ ਪਾਸੇ ਮੁਕੱਦਮਿਆਂ ਵਿਚ ਫਸਾ ਦਿਤੇ ਹੋਏ ਹਨ ਅਤੇ ਤੀਜੇ ਪਾਸੇ ਇਹ ਇਕ ਹੋਰ ਜਾਲ ਉਨ੍ਹਾਂ ਨੂੰ ਫਸਾਣ ਲਈ ਲੈ ਆਏ ਹਨ। ਤੀਸਰੀ ਚੀਜ਼ ਇਹ ਬਿਲ ਲੈ ਆਏ ਹਨ ਕਿ ਜੋ ਥੋੜੇ ਪੈਸੇ ਉਨ੍ਹਾਂ ਕੋਲ ਰਹਿਣਗੇ ਵੀ ਉਹ ਵੀ ਖਰਚਾ ਦਿਤੇ ਜਾਣ। ਉਨ੍ਹਾਂ ਤੇ ਇਹ ਪਾਬੰਦੀ ਲਗਾ ਦਿਤੀ ਗਈ ਹੈ ਕਿ ਜਦੋਂ ਤੁਸੀਂ ਆਪਣੇ ਪੁਰਾਣੇ ਘਰ ਛੱਡ ਕੇ ਆਉ ਤਾਂ ਨਵੀਂ ਕਿਸਮ ਦੇ ਸੋਹਣੇ ਮਕਾਨ ਬਣਾਉ ਅਤੇ ਉਹ ਡੀ. ਸੀ. ਦੀ ਮਨਜ਼ੂਰੀ ਤੋਂ ਬਗੈਰ ਨਹੀਂ ਬਣਾਏ ਜਾ ਸਕਦੇ ਕਿਉਂਕਿ ਖੂਬਸੂਰਤ ਸ਼ਹਿਰ ਬਣਾਉਣਾ ਹੈ ਤਾਕਿ ਬਾਹਰ ਦੇ ਦੇਸ਼ਾਂ ਤੋਂ ਤੇ ਆਪਣੇ ਦੂਜੇ ਸੂਬਿਆਂ ਤੋਂ ਆਏ ਹੋਏ visitors ਨੂੰ ਇਹ ਵਿਖਾ ਸਕਣ ਕਿ ਵੇਖੋ ਪੰਜਾਬ ਤਾਂ ਤਰੱਕੀ ਦੇ ਸਿਖਰ ਤੇ ਜਾ ਰਿਹਾ ਹੈ ਅਤੇ ਇਨ੍ਹਾਂ ਦੀ ਵਾਹ ਵਾਹ ਹੋ ਸਕੇ। ਇਨ੍ਹਾਂ ਨੂੰ ਮੈਂ ਦੱਸਣਾ ਚਾਹੁੰਦਾ ਹਾਂ ਕਿ ਤੁਹਾਡੀ ਤਾਂ ਵਾਹ ਵਾਹ ਹੀ ਹੋਣੀ ਹੈ ਪਰ ਉਥੇ ਦੇ ਗਰੀਬ ਲੋਕ ਮਰ ਜਾਣੇ ਹਨ। ਤੁਹਾਡੀ ਇਸ ਵਾਹ ਵਾਹ ਨੇ ਉਨ੍ਹਾਂ ਕਿਸਾਨਾਂ ਦੇ ਬਚੇ ਖੁਚੇ ਚਾਰ ਪੈਸੇ ਵੀ ਖਤਮ ਕਰ ਦੇਣੇ ਹਨ ਤੇ ਫੇਰ ਉਨ੍ਹਾਂ ਨੂੰ ਰੋਟੀ ਨਹੀਂ ਲੱਭਣੀ। ਤੁਹਾਡੀ ਇਸ ਸਕੀਮ ਦਾ ਨਤੀਜਾ ਇਹ ਹੈ ਕਿ ਇਕ ਤਾਂ ਤੁਸੀਂ ਪਹਿਲਾਂ ਲੋਕ ਉਜਾੜੇ, ਫੇਰ ਉਨ੍ਹਾਂ ਨੂੰ compensation ਘਟ ਦਿੱਤਾ ਅਤੇ ਹੁਣ ਇਹ ਪਾਬੰਦੀ ਲਗਾਈ ਜਾ ਰਹੀ ਹੈ ਕਿ ਉਨ੍ਹਾਂ ਨੂੰ ਇਕ ਖਾਸ design ਦੇ ਮਕਾਨ ਬਣਾਉਣੇ ਪੈਣਗੇ। ਜੇ ਕਰ ਤੁਸੀਂ ਚਾਹੁੰਦੇ ਹੋ ਕਿ ਖੂਬਸੂਰਤੀ ਪੈਦਾ ਕਰਨੀ ਹੈ ਤਾਂ ਫੇਰ ਮਨਿਸਟਰ ਸਾਹਿਬ ਨੂੰ ਮੈਂ ਇਹ ਕਹਾਂਗਾ ਕਿ ਉਹ ਸਾਨੂੰ ਯਕੀਨ ਦਿਵਾਉਣ ਕਿ ਜੋ 6,7 ਪਿੰਡ ਉਠਾਏ ਜਾਣੇ ਹਨ ਉਨ੍ਹਾਂ ਲਈ ਸਰਕਾਰ ਖੁਦ ਨਵੇਂ ਤੇ ਸੋਹਣੇ designs ਦੇ ਮਕਾਨਾਤ ਬਣਾ ਕੇ ਦੇਵੇਗੀ ਅਤੇ ਉਸ ਰਕਮ ਦੀ ਵਸੂਲੀ ਲਈ 35, 40 ਕਿਸ਼ਤਾਂ ਕਰ ਦਿੱਤੀਆਂ ਜਾਣਗੀਆਂ। ਉਸ ਤੇ ਸੂਦ ਨਹੀਂ ਹੋਵੇਗਾ ਅਤੇ ਜੇਕਰ ਹੋਵੇਗਾ ਵੀ ਤਾਂ ਉਹ nominal ਹੋਵੇਗਾ। ਇਸ ਤਰ੍ਹਾਂ ਕਰੋ ਤਾਕਿ ਲੋਕ ਮਸੀਬਤਾਂ ਵਿੱਚ ਨਾ ਫਸ ਜਾਣ। ਤੀਜੀ ਗੱਲ ਮੈਂ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਜਦੋਂ ਲੋਕਾਂ ਤੋਂ ਜ਼ਮੀਨ ਲਈ ਗਈ ਤਾਂ ਇਨ੍ਹਾਂ 6, 7 ਪਿੰਡਾਂ ਨੂੰ ਤਾਂ ਕਿਹਾ ਗਿਆ ਕਿ ਤੁਹਾਨੂੰ ਇਥੋਂ ਉਠਾ ਦਿੱਤਾ ਜਾਵੇਗਾ ਅਤੇ ਤੁਹਾਨੂੰ ਵਸਣ ਲਈ ਜਗ੍ਹਾ ਦੇਵਾਂਗੇ। ਲੇਕਿਨ ਇਨ੍ਹਾਂ 6, 7 ਪਿੰਡਾਂ ਤੋਂ ਇਲਾਵਾ 11 ਪਿੰਡ ਹੋਰ ਹਨ ਜਿਨ੍ਹਾਂ ਦੀ ਆਬਾਦੀ ਰਹਿ ਗਈ ਹੈ ਤੇ ਥੋੜੀਆਂ

ਥੋੜੀਆਂ ਜ਼ਮੀਨਾਂ ਵੀ ਰਹਿ ਗਈਆਂ ਹਨ । ਉਨ੍ਹਾਂ ਵਿਚ ਇਸ factory ਦਿਆਂ ਅਫਸਰਾਂ ਨੇ, ਡੀ. ਸੀ. ਨੇ ਤੇ ਕਮਿਸ਼ਨਰ ਨੇ ਇਹ ਪਰਚਾਰ ਕੀਤਾ ਕਿ ਤੁਹਾਨੂੰ ਇਸ ਦੀ ਮੁਖਾਲਫਤ ਨਹੀਂ ਕਰਨੀ ਚਾਹੀਦੀ ਕਿਉਂਕਿ ਤੁਹਾਡੀ ਆਬਾਦੀ ਬਧ ਗਈ ਹੈ ਤੇ ਥੋੜੀਆਂ ਥੋੜੀਆਂ ਜ਼ਮੀਨਾਂ ਵੀ ਰਹਿ ਗਈਆਂ ਹਨ ਅਤੇ ਇਨ੍ਹਾਂ ਦੀ ਕੀਮਤ ਬਹੁਤ ਵਧ ਜਾਵੇਗੀ । ਤੁਹਾਨੂੰ ਬਹੁਤ ਫਾਇਦਾ ਹੋਵੇਗਾ ਕਿਉਂਕਿ ਹੋਰ ਲੋਕ ਆ ਕੇ ਇਥੇ ਵਸਣਗੇ ਅਤੇ ਤੁਹਾਡੇ ਮਕਾਨਾਂ ਤੇ ਜ਼ਮੀਨ ਦੀ ਕੀਮਤ ਵਧ ਜਾਵੇਗੀ ਕਿਉਂਕਿ ਬਿਜਲੀ ਆ ਜਾਵੇਗੀ, ਸੜਕਾਂ ਬਣ ਜਾਣਗੀਆਂ ਅਤੇ ਇਕ ਸ਼ਹਿਰ ਵਸ ਜਾਵੇਗਾ । ਇਸ ਤਰ੍ਹਾਂ ਤੁਹਾਡੀਆਂ ਜ਼ਮੀਨਾਂ, ਮਕਾਨਾਂ ਦੀ ਕੀਮਤ ਵਧ ਜਾਵੇਗੀ । ਇਹ argument ਬਿਲਕੁਲ ਠੀਕ ਹੈ ਤੇ ਮਨ ਨੂੰ ਲਗਦੀ ਹੈ ਲੇਕਿਨ ਮੈਂ ਕਹਿਣਾ ਚਾਹੁੰਦਾ ਹਾਂ ਕਿ ਜਦੋਂ ਇਸ ਕਿਸਮ ਦੀ ਪਾਬੰਦੀ ਉਨ੍ਹਾਂ ਤੇ ਲਗਾ ਦਿੱਤੀ ਜਾਵੇਗੀ ਤਾਂ ਉਹ ਲੋਕ ਉਸ ਕਿਸਮ ਦੇ designs ਦੇ ਮਕਾਨਾਤ ਨਹੀਂ ਬਣਾ ਸਕਣਗੇ ਅਤੇ ਉਹ ਕੋਈ ਫਾਇਦਾ ਨਹੀਂ ਉਠਾ ਸਕਣਗੇ । ਫੇਰ ਇਹ ਦਲੀਲ ਦੇ ਦੇਣਗੇ ਕਿ fertilizer factory ਵਾਲਿਆਂ ਨੇ ਆਪਣੇ workers ਲਈ, ਕਲਰਕਾਂ ਲਈ ਤੇ ਹੋਰ ਮੁਲਾਜ਼ਮਾਂ ਲਈ ਮਕਾਨ ਬਣਾਉਣੇ ਹਨ ਇਸ ਲਈ ਇਹ ਸਵਾਲ ਪੈਦਾ ਹੀ ਨਹੀਂ ਹੁੰਦਾ । ਪਰ ਮੈਂ ਕਹਾਂਗਾ ਕਿ ਸਵਾਲ ਪੈਦਾ ਹੁੰਦਾ ਹੈ । ਜਿਥੇ ਕੋਈ ਨਵੀਂ factory ਬਣਦੀ ਹੈ, ਨਵੀਂ ਮਿਲ ਬਣਦੀ ਹੈ ਤੇ ਕੋਈ ਨਵਾਂ ਕਾਰਖਾਨਾ ਬਣਦਾ ਹੈ ਉਥੇ ਉਸ ਦੇ ਨਾਲ ਹੋਰ by-products ਦੇ ਕਾਰਖਾਨੇ ਵੀ ਖੁਲ੍ਹਦੇ ਹਨ । ਇਹ ਠੀਕ ਹੈ ਕਿ factory ਵਾਲੇ ਆਪਣੇ ਮੁਲਾਜ਼ਮਾਂ ਲਈ ਤਾਂ ਮਕਾਨ ਬਣਾ ਲੈਣਗੇ ਲੇਕਿਨ ਜੋ workers ਤੇ ਮੁਲਾਜ਼ਮ ਉਨ੍ਹਾਂ by-products ਦੇ ਕਾਰਖਾਨਿਆਂ ਦੇ ਹੋਣਗੇ ਉਨ੍ਹਾਂ ਲਈ ਕੋਈ ਮਕਾਨ ਨਹੀਂ ਬਣਾਵੇਗਾ। ਫੇਰ ਜੋ ਉਹ ਗਰੀਬ ਮਜ਼ਦੂਰ ਹੋਣਗੇ ਉਹ ਆਪਣੀ ਰਿਹਾਇਸ਼ ਲਈ ਛੋਟੇ ਛੋਟੇ ਤੇ ਥੋੜੇ ਕਿਰਾਏ ਦੇ ਮਕਾਨ ਲਭਣਗੇ । ਲੇਕਿਨ ਤੁਸੀਂ ਕਿਸੇ ਨੂੰ ਛੋਟੇ ਤੇ ਥੋੜੇ ਮੁੱਲ ਦੇ ਮਕਾਨ ਬਣਾਉਣ ਨਹੀਂ ਦਿਉਗੇ ਜਿਸ ਦਾ ਨਤੀਜਾ ਇਹ ਹੋਵੇਗਾ ਕਿ ਇਕ ਪਾਸੇ ਤਾਂ ਮਜ਼ਦੂਰਾਂ ਨੂੰ ਜਗ੍ਹਾ ਨਹੀਂ ਮਿਲੇਗੀ ਤੇ ਦੂਜੇ ਪਾਸੇ ਜਿਨ੍ਹਾਂ ਕਿਸਾਨਾਂ ਵਿਚ ਪਰਚਾਰ ਕੀਤਾ ਗਿਆ ਹੈ ਕਿ ਤੁਹਾਨੂੰ ਫਾਇਦਾ ਹੋਵੇਗਾ ਉਨ੍ਹਾਂ ਨੂੰ ਕੋਈ ਮੁਫਾਦ ਨਹੀਂ ਹੋਵੇਗਾ ਕਿਉਂਕਿ ਉਹ ਉਸ ਜ਼ਰੂਰਤ ਦੇ ਮੁਤਾਬਿਕ ਮਕਾਨ ਨਹੀਂ ਬਣਾ ਸਕਣਗੇ । ਇਹ ਬੜੇ ਹਨ੍ਹੇਰ ਵਾਲੀ ਗੱਲ ਹੈ । ਉਹ ਇਕ ਅਜਿਹਾ ਗਰੀਬ ਇਲਾਕਾ ਹੈ ਜਿਸ ਦੇ ਬਾਰੇ ਇਹ ਕਿਹਾ ਜਾਂਦਾ ਹੈ ਕਿ ਉਹ ਅੰਗਰੇਜ਼ਾਂ ਦੇ ਰਾਜ ਤੋਂ ਲੈ ਕੇ ਅੱਜ ਤੱਕ ਮੁੰਝ ਸਪਲਾਈ ਕਰਨ ਦਾ ਮਰਕਜ਼ ਰਿਹਾ ਹੈ ਜਾਂ ਫੇਰ ਫੋਜੀ ਭਰਤੀ ਦਾ ਮਰਕਜ਼ ਹੀ ਰਿਹਾ ਹੈ । ਹੁਣ ਕੁਝ ਮੌਕਾ ਮਿਲਿਆ ਸੀ ਕਿ ਉਹ ਫਾਇਦਾ ਉਠਾ ਸਕਣ ਲੇਕਿਨ ਇਹ ਸਾਡੀ ਸਰਕਾਰ ਉਨ੍ਹਾਂ ਤੇ ਪਾਬੰਦੀਆਂ ਤੇ ਪਾਬੰਦੀਆਂ ਲਗਾ ਰਹੀ ਹੈ ਕਿ ਜਿਨ੍ਹਾਂ ਦਾ ਲੇਖਾ ਹੀ ਨਹੀਂ ਰਿਹਾ। ਉਹ ਬਹੁਤ ਗਰੀਬ ਇਲਾਕਾ ਹੈ । ਲੋਕਾਂ ਕੋਲ ਥੋੜੀ ਥੋੜੀ ਜ਼ਮੀਨ ਹੈ, ਕੱਚੇ ਮਕਾਨ ਹਨ ਤੇ ਛੱਪਰ ਪਾਏ ਹੋਏ ਹਨ ਅਤੇ ਬੜੀ ਮੁਸ਼ਕਲ ਨਾਲ ਗੁਜ਼ਾਰਾ ਕਰਦੇ ਹਨ ਪਰ ਉਨ੍ਹਾਂ ਤੇ ਹੁਣ ਇਹ ਪਾਬੰਦੀ ਲਗਾਈ ਹੈ ਕਿ ਉਹ ਇਸ ਤਰ੍ਹਾਂ ਦੇ ਮਕਾਨ ਬਣਾਉਣ । ਫੇਰ ਜੋ ਇਸ ਪਾਬੰਦੀ ਨੂੰ ਤੋੜੇਗਾ ਉਸ ਨੂੰ 500 ਰੁਪਿਆ ਜੁਰਮਾਨਾ ਵੀ ਹੋ ਸਕੇਗਾ । ਦੇਖੋ ਕਿਤਨਾ ਹਨ੍ਹੇਰ ਹੈ । ਮਕਾਨ ਭਾਵੇਂ ਕਿਸੇ ਦਾ $2\frac{1}{2}$ ਸੌ ਰੁਪਏ ਦਾ ਹੋਵੇ ਪਰ ਜੁਰਮਾਨਾ 500 ਰੁਪਏ ਰੱਖ ਦਿੱਤਾ ਗਿਆ ਹੈ । ਫੇਰ ਇਕ ਗੱਲ ਹੋਰ ਬੜੀ ਅਜੀਬ ਹੈ । ਜੇਕਰ ਕਿਸੇ ਦਾ ਮਕਾਨ ਗਿਰ ਗਿਆ ਹੈ ਅਤੇ ਬਰਸਾਤ ਦੇ ਦਿਨਾਂ ਵਿਚ ਪੁਰਾਣੇ ਮਕਾਨ ਡਿੱਗ ਵੀ ਪੈਂਦੇ ਹਨ ਲੇਕਿਨ ਇਨ੍ਹਾਂ ਨੇ ਇਹ ਪਾਬੰਦੀ ਵੀ ਲਗਾ ਦਿਤੀ ਹੈ ਕਿ ਜੇਕਰ ਪੁਰਾਣਾ ਮਕਾਨ ਵੀ ਡਿੱਗ ਪਵੇ ਤਾਂ

[ਪੰਡਿਤ ਰਾਮ ਕਿਸ਼ਨ ਭੜੋਲੀਆਂ]

ਫੇਰ ਵੀ ਬਣਾਉਣ ਲਈ ਇਜਾਜ਼ਤ ਲੈਣੀ ਪਵੇਗੀ ਅਤੇ ਡੀ. ਸੀ. ਕੋਲ ਜਾਣਾ ਪਵੇਗਾ। ਇਸ ਵਿਚ ਕੀ sense ਹੈ ? (ਹਾਸਾ) ਜੇਕਰ ਪੁਰਾਣਾ ਨਿਕੰਮਾ ਮਕਾਨ ਖੜਾ ਹੈ ਤਾਂ ਬੇਸ਼ਕ ਖੜਾ ਰਹੇ, ਉਸ ਨੂੰ ਢਾਹਣ ਦਾ ਕੋਈ provision ਨਹੀਂ ਹੈ, ਲੇਕਿਨ ਅਗਰ ਢਹਿ ਜਾਵੇ ਤਾਂ ਉਹ ਬਗੈਰ ਇਜਾਜ਼ਤ ਨਹੀਂ ਬਣ ਸਕਦਾ। ਕਿਤਨੀ ਅਜੀਬ ਗੱਲ ਹੈ।

ਇਸ ਵਿਚ ਮੈਨੂੰ ਕੋਈ argument ਨਜ਼ਰ ਨਹੀਂ ਆਉਂਦੀ। ਮਨਿਸਟਰ ਸਾਹਿਬ ਕੋਈ ਕੱਢ ਲੈਣ ਤਾਂ ਪਤਾ ਨਹੀਂ। ਹਾਂ, ਇਕ ਗੱਲ ਸਮਝ ਵਿਚ ਆ ਸਕਦੀ ਹੈ ਕਿ ਗੌਰਮਿੰਟ ਫੈਸਲਾ ਕਰੇ ਕਿ ਪੰਜ ਮੀਲ ਦੇ ਫ਼ਾਸਲੇ ਵਿਚ ਮਕਾਨ ਢਾਹ ਦੇਣੇ ਹਨ ਔਰ ਨਵੀਂ ਕਿਸਮ ਦੇ ਮਕਾਨ ਬਣਾਉਣੇ ਹਨ ਜਿਨ੍ਹਾਂ ਵਿਚ flush ਹੋਵੇ, ਬਿਜਲੀ ਲੱਗੀ ਹੋਵੇ ਔਰ ਉਹ ਨਵੇਂ designs ਦੇ ਬਣੇ ਹੋਏ ਹੋਣ। ਜੇਕਰ ਇਹੋ ਜਿਹੇ ਮਕਾਨ ਬਣਾ ਕੇ ਲੋਕਾਂ ਨੂੰ ਦੇਵੇ ਔਰ ਉਨ੍ਹਾਂ ਕੋਲੋਂ ਲੰਮੀਆਂ instalments ਵਿਚ ਕੀਮਤ ਵਸੂਲ ਕਰੇ ਤਾਂ ਮੈਂ ਇਕ ਹੱਥ ਦੀ ਬਜਾਏ ਦੋ ਹੱਥ ਉਨ੍ਹਾਂ ਦੇ ਨਾਲ ਖੜਾ ਕਰਾਂਗਾ ਕਿ ਛੇਤੀ ਇਹੋ ਜਿਹਾ ਬਿਲ ਪਾਸ ਕੀਤਾ ਜਾਏ। ਲੇਕਿਨ ਜਿਸ ਸ਼ਕਲ ਵਿਚ ਇਹ ਬਿਲ ਪਾਸ ਕੀਤਾ ਜਾ ਰਿਹਾ ਹੈ ਇਹ ਬਹੁਤ ਬੁਰਾ ਹੈ।

ਸਰਦਾਰ ਉਮਰਾਉ ਸਿੰਘ ਹੁਰਾਂ ਨੇ ਇਕ ਅਮੈਂਡਮਿੰਟ ਦਿਤੀ ਹੈ। ਮੈਂ ਕਹਾਂਗਾ 'ਬੜੇ ਮੀਆਂ ਸੋ ਬੜੇ ਮੀਆਂ ਛੋਟੇ ਮੀਆਂ ਸੁਭਾਨ ਅੱਲਾ'। ਉਨ੍ਹਾਂ ਨੇ ਕਿਹਾ ਹੈ ਕਿ ਨੰਗਲ ਟਾਊਨਸ਼ਿਪ ਦੇ ਨਾਲ ਸਤਲੁਜ ਨਦੀ ਦੇ ਸੱਜੇ ਅਤੇ ਖੱਬੇ ਪਾਸੇ ਫਰਟੀਲਾਇਜ਼ਰ ਫੈਕਟਰੀ ਵਾਸਤੇ ਪੰਜ ਮੀਲ ਦਾ area ਹੋਰ ਸ਼ਾਮਲ ਕਰ ਲੈਣ। ਸਰਦਾਰ ਉਮਰਾਓ ਸਿੰਘ ਹੋਰੀ lawyer ਵੀ ਹਨ, ਸਿਆਣੇ ਵੀ ਹਨ ਪਰ ਸ਼ਾਇਦ ਉਨ੍ਹਾਂ ਨੇ ਇਹ ਇਲਾਕਾ ਵੇਖਿਆ ਹੀ ਨਹੀਂ। ਜੇਕਰ ਪੰਜ ਮੀਲ ਹੋਰ ਇਲਾਕਾ ਮਿਲਾਇਆ ਗਿਆ ਤਾਂ ਇਸ ਵਿਚ ਸਵਾਂ ਨਦੀ ਵਗਦੀ ਹੈ। ਪਹਾੜੀ ਇਲਾਕਾ ਹੈ, ਨਾ ਉਥੇ ਕੋਈ ਸੜਕ ਹੈ, ਨਾ ਕੋਈ ਹੋਰ ਇੰਤਜ਼ਾਮ ਹੈ। ਮੈਂ ਸਮਝਦਾ ਹਾਂ ਕਿ ਉਥੇ ਕਿਸੇ foreign country ਦੇ ਆਦਮੀ ਨੇ ਤੇ ਕੀ ਜਾਣਾ ਹੈ ਖੁਦ ਸਰਦਾਰ ਉਮਰਾਉ ਸਿੰਘ ਹੋਰੀਂ ਵੀ ਜਾਣਾ ਪਸੰਦ ਨਹੀਂ ਕਰਨਗੇ ਕਿਉਂਕਿ ਉਥੇ ਕੋਈ ਸੜਕ ਨਹੀਂ, ਪੈਦਲ ਜਾਣਾ ਪੈਂਦਾ ਹੈ। ਸਾਡੇ ਨਾਂ ਤੇ ਗਲਤ ਔਰ ਬੇ-ਬੁਨਿਆਦ ਗੱਲਾਂ ਭਾਵੇਂ ਮੜ੍ਹ ਲਉ ਕਿ ਪਾਣੀ ਵਿਚੋਂ ਬਿਜਲੀ ਕੱਢ ਲਈ ਹੈ ਔਰ ਫੋਕਾ ਪਾਣੀ ਦਿੱਤਾ ਜਾ ਰਿਹਾ ਹੈ। ਇਸ ਤਰ੍ਹਾਂ ਦੀਆਂ ਗਲਤ ਔਰ ਬੇ-ਬੁਨਿਆਦ ਗੱਲਾਂ ਕਰਨ ਦਾ ਕੋਈ ਫਾਇਦਾ ਨਹੀਂ ਹੁੰਦਾ। ਲੇਕਿਨ ਮੈਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਨਕਸ਼ੇ ਦੀ ਵਾਕਫੀਅਤ ਜ਼ਰੂਰੀ ਹੈ। ਮੈਂ ਅਰਜ਼ ਕਰਦਾ ਹਾਂ ਕਿ ਜੇਕਰ ਉਨ੍ਹਾਂ ਦੀ amendment ਮੰਨ ਲਈ ਜਾਵੇ ਤਾਂ ਇਹ ਬਹੁਤ ਜ਼ਿਆਦਾ ਖਤਰਨਾਕ ਗੱਲ ਹੈ। ਇਨ੍ਹਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਨੰਗਲ ਟਾਊਨਸ਼ਿਪ ਥਾਣਾ ਅਨੰਦਪੁਰ ਵਿਚ ਹੈ ਔਰ fertilizer factory ਊਨਾ ਵਿਚ ਹੈ ਔਰ ਜੋ ਪੰਜ ਮੀਲ ਦਾ area ਬਣਦਾ ਹੈ ਉਹ ਇਲਾਕਾ ਬੀਤ ਤਕ ਹੈ ਔਰ ਇਸ ਵਿਚ ਸਵਾਂ ਨਦੀ ਪੈਂਦੀ ਹੈ।

ਹਾਊਸ ਦਾ ਜ਼ਿਆਦਾ ਵਕਤ ਨਾ ਲੈਂਦਾ ਹੋਇਆ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜੇਕਰ ਤੁਸੀਂ ਪਾਸ ਹੀ ਕਰਨਾ ਹੈ ਤਾਂ ਕੁਝ ਦੇਰ ਲਈ ਮੁਲਤਵੀ ਕਰ ਦਿਉ। ਦੂਜੇ ਮੈਂ ਇਹ ਤਜਵੀਜ਼ ਕਰਾਂਗਾ ਕਿ ਇਕ ਕਮੇਟੀ ਬਣਾਈ ਜਾਏ ਜਿਸ ਵਿਚ ਸਰਕਾਰੀ ਪਾਰਟੀ ਦੇ ਵੀ ਆਨਰੇਬਲ ਮੈਂਬਰ ਸ਼ਾਮਲ ਹੋਣ ਔਰ ਆਪੋਜ਼ੀਸ਼ਨ ਦੇ ਵੀ ਸ਼ਾਮਲ ਹੋਣ ਔਰ ਉਹ ਮਕਾਮੀ

ਹਾਲਤ ਨੂੰ ਦੇਖ ਕੇ ਫੈਸਲਾ ਕਰੇ ਕਿ ਆਇਆ ਇਹ ਬਨਾਉਣਾ ਚਾਹੀਦਾ ਹੈ ਜਾਂ ਨਹੀਂ। ਅਗਰ ਬਣਾਉਣਾ ਹੈ ਤਾਂ ਕਿਸ ਸ਼ਕਲ ਵਿਚ ; ਪੰਜ ਮੀਲ ਦਾ ਰੱਖਣਾ ਹੈ ਜਾਂ ਜ਼ਿਆਦਾ ਦਾ। ਸਿਰਫ਼ ਲਕੀਰ ਦਾ ਫ਼ਕੀਰ ਹੋਣ ਦੀ ਕੋਈ ਜ਼ਰੂਰਤ ਨਹੀਂ ਕਿਉਂਕਿ ਚੰਡੀਗੜ੍ਹ ਵਿਚ ਪੰਜ ਮੀਲ ਦੀ ਹੱਦ ਰੱਖੀ ਹੈ ਇਸ ਵਾਸਤੇ ਉਥੇ ਵੀ ਰੱਖੋ। ਇਹ ਕੋਈ ਗੀਤਾ ਦਾ ਮੰਤਰ ਨਹੀਂ ਜਾਂ ਕੁਰਾਨ ਸ਼ਰੀਫ਼ ਦੀ ਆਇਤ ਨਹੀਂ ਜਿਸ ਨੂੰ ਬਦਲਿਆ ਨਹੀਂ ਜਾ ਸਕਦਾ। ਇਹ ਤਮਾਮ ਚੀਜ਼ਾਂ ਜਿਹੜੀਆਂ ਬਣਦੀਆਂ ਹਨ ਤਬਦੀਲ ਹੋ ਸਕਦੀਆਂ ਹਨ। ਇਸ ਲਈ ਮੈਂ ਮੁਅਦਬਾਨਾ request ਕਰਾਂਗਾ ਕਿ ਮਨਿਸਟਰ ਸਾਹਿਬ ਇਨ੍ਹਾਂ ਚੀਜ਼ਾਂ ਨੂੰ ਦੇਖ ਲੈਣ।

ਚੌਧਰੀ ਬਲਬੀਰ ਸਿੰਘ (ਹੁਸ਼ਿਆਰਪੁਰ ਜਨਰਲ) : ਡਿਪਟੀ ਸਪੀਕਰ ਸਾਹਿਬ, ਨੰਗਲ ਟਾਊਨਸ਼ਿਪ ਬਿਲ ਹਾਊਸ ਵਿਚ ਪਾਸ ਕੀਤਾ ਜਾ ਰਿਹਾ ਹੈ। ਇਸ ਲਈ ਮੈਂ ਇਹ ਕਹਾਂਗਾ ਕਿ ਇਹ ਜੋ ਅਖਤਿਆਰ ਡਿਪਟੀ ਕਮਿਸ਼ਨਰ ਨੂੰ ਦਿਤੇ ਜਾ ਰਹੇ ਸਨ ਇਸ ਦੀ ਬਜਾਏ ਅਗਰ ਲੋਕਾਂ ਨੂੰ civic rights ਦੇ ਕੇ ਉਥੇ ਇਕ elected body ਬਣਾਈ ਜਾਏ ਤਾਂ ਠੀਕ ਹੋਵੇਗਾ ਕਿਉਂਕਿ ਉਹ ਲੋਕਾਂ ਦੀਆਂ ਜ਼ਰੂਰਤਾਂ ਦਾ ਖ਼ਿਆਲ ਰਖਦੇ ਹਨ ਔਰ ਉਨ੍ਹਾਂ ਦੇ ਨੁਮਾਇੰਦੇ ਹੁੰਦੇ ਹੋਏ ਉਥੇ ਦੇ ਨਕਸ਼ੇ ਮਨਜ਼ੂਰ ਕਰਾਉਣ ਵਿਚ ਵੀ ਮਦਦ ਦੇ ਸਕਦੇ ਹਨ। ਜਿਸ ਸ਼ਕਲ ਵਿਚ ਇਹ ਬਿਲ ਪੇਸ਼ ਕਰਕੇ ਪਾਸ ਕੀਤਾ ਜਾ ਰਿਹਾ ਹੈ ਉਸ ਸ਼ਕਲ ਵਿਚ ਜੇ ਇਹ ਪਾਸ ਹੋ ਜਾਏ ਤਾਂ ਲੋਕਾਂ ਨੂੰ ਆਪਣੇ ਨਕਸ਼ੇ ਬਣਾਉਣ ਲਈ ਔਰ ਮਨਜ਼ੂਰ ਕਰਾਉਣ ਲਈ ਏਨੀਆਂ ਜ਼ਿਆਦਾ ਮੁਸ਼ਕਲਾਂ ਪੇਸ਼ ਆਉਣਗੀਆਂ ਜਿਨ੍ਹਾਂ ਦਾ ਕੋਈ ਹਿਸਾਬ ਨਹੀਂ। ਉਥੇ ਦੇ ਲੋਕ ਗਰੀਬ ਹਨ। ਬੇਸ਼ਕ ਇਹ ਇਲਾਕਾ ਹਿੰਦੁਸਤਾਨ ਦੀ ਜ਼ਿਆਰਤਗਾਹ ਹੈ ਲੇਕਿਨ ਜਿਹੜੇ ਉਥੇ ਵਸਣ ਵਾਲੇ ਹਨ ਉਹ ਸਾਰੇ ਹਿੰਦੁਸਤਾਨ ਵਿਚੋਂ ਗਰੀਬ ਲੋਕ ਹਨ ਜਿਨ੍ਹਾਂ ਦੇ ਕੋਈ resources ਨਹੀਂ ਹਨ ਔਰ ਉਹ ਆਪਣੇ ਨਕਸ਼ੇ ਵਗੈਰਾ ਬਕਾਇਦਾ overseers ਕੋਲੋਂ ਬਣਵਾਕੇ ਔਰ ਉਨ੍ਹਾਂ ਦੀ ਮਨਜ਼ੂਰੀ ਲੈ ਕੇ ਹੀ ਮਕਾਨ ਜਾਂ ਦੁਕਾਨ ਬਣਾ ਸਕਦੇ ਹਨ। ਜੇਕਰ ਉਥੇ ਦੀ ਲੋਕਲ ਕਮੇਟੀ ਨੂੰ authorise ਕਰ ਦਿਤਾ ਜਾਵੇ ਤਾਂ ਇਸ area ਵਿਚ ਲੋਕਾਂ ਨੂੰ ਬਹੁਤ ਸਹੂਲਤਾਂ ਹੋ ਜਾਣਗੀਆਂ ਔਰ ਲੋਕ ਇਸ tedious method ਤੋਂ ਬਚ ਜਾਣਗੇ। ਉਥੇ ਦੇ ਲੋਕਾਂ ਦੇ resources ਪਹਿਲੇ ਹੀ ਬਹੁਤ ਕਮਜ਼ੋਰ ਹਨ ਔਰ ਡਿਪਟੀ ਕਮਿਸ਼ਨਰ ਨੂੰ ਅਖਤਿਆਰ ਦੇਣ ਨਾਲ ਲੋਕਾਂ ਨੂੰ ਬਹੁਤ ਦਿੱਕਤਾਂ ਪੇਸ਼ ਆਉਣਗੀਆਂ। ਥੋੜੀ ਜਿਹੀ ਜਗ੍ਹਾ ਹੈ ਔਰ ਇਸ ਵਿਚ ਇਹ ਪਾਬੰਦੀ ਲਾਈ ਜਾ ਰਹੀ ਹੈ ਕਿ ਇਸ ਤਰੀਕੇ ਦਾ ਮਕਾਨ ਬਣਾਉ, ਇਸ ਤਰਾਂ ਦੀ ਦੁਕਾਨ ਬਣਾਉ। ਇਸ ਤਰ੍ਹਾਂ ਦੀਆਂ ਕਈ ਦਿੱਕਤਾਂ ਉਨ੍ਹਾਂ ਦੇ ਸਾਹਮਣੇ ਰਖੀਆਂ ਜਾਂਦੀਆਂ ਹਨ। ਡਿਪਟੀ ਸਪੀਕਰ ਸਾਹਿਬ, ਸਾਡਾ ਤਜਰਬਾ ਇਹ ਹੈ ਕਿ ਸਰਕਾਰ ਨੇ ਜੇ ਕਿਸੇ ਜਗ੍ਹਾ ਤੇ market ਬਣਾਉਣੀ ਹੋਵੇ ਔਰ ਦੁਕਾਨਾਂ ਲਈ area ਮੁਕੱਰਰ ਕਰਨਾ ਹੋਵੇ ਤਾਂ ਇਹ ਖਿਆਲ ਨਹੀਂ ਕਰਦੇ ਕਿ ਆਇਆ ਉਥੇ ਦੁਕਾਨ ਚਲੇਗੀ ਵੀ ਜਾਂ ਨਹੀਂ। ਨੀਲੋਖੇੜੀ ਦੀ ਮਿਸਾਲ ਸਾਡੇ ਸਾਹਮਣੇ ਹੈ। ਉਥੇ ਲੱਖਾਂ ਰੁਪਿਆ ਖਰਚ ਕੀਤਾ ਗਿਆ ਲੇਕਿਨ ਸ਼ਹਿਰ ਨਹੀਂ ਬਸ ਸਕਿਆ। ਇਸ ਵਕਤ ਵੀ ਉਥੇ ਛੋਟਾ ਜਿਹਾ ਝਗੜਾ ਚਲ ਰਿਹਾ ਹੈ ਜਿਹੜਾ ਮਨਿਸਟਰ ਸਾਹਿਬ ਦੀ ਖਿਦਮਤ ਵਿਚ ਪੇਸ਼ ਕੀਤਾ ਹੈ। ਪਹਿਲੇ ਲੋਕ ਖੋਖੇ ਲਾ ਕੇ ਬੈਠੇ ਹੋਏ ਸਨ। ਉਥੇ ਮਾਰਕਿਟ ਦੀ ਰੌਣਕ ਬਣ ਗਈ ਸੀ। ਉਸ ਨੂੰ ਬੇਰੌਣਕ ਜ਼ਮੀਨ ਵਿਚ ਤਬਦੀਲ ਕਰ ਦਿਤਾ ਹੈ ਔਰ ਉਨ੍ਹਾਂ ਨੂੰ ਹੁਕਮ ਹੋ ਗਿਆ ਹੈ ਕਿ ਉਹ ਉਠ ਜਾਣ। ਔਰ ਇਹ ਫੈਸਲਾ ਬਗੈਰ ਇਸ ਗੱਲ ਨੂੰ ਦੇਖੇ ਕਰ ਦਿਤਾ ਗਿਆ ਹੈ ਕਿ ਆਇਆ ਉਥੇ ਕੋਈ ਗਾਹਕ ਵੀ ਆਏਗਾ ਕਿ ਨਹੀਂ। ਡਿਪਟੀ ਕਮਿਸ਼ਨਰ ਨੂੰ ਇਹ powers ਦੇਣ ਦਾ ਫੈਸਲਾ ਕਰਕੇ ਦੁਕਾਨਦਾਰਾਂ ਔਰ ਦੂਜੇ ਲੋਕਾਂ ਨੂੰ ਬਹੁਤ ਦਿੱਕਤਾਂ ਪੇਸ਼ ਆ ਰਹੀਆਂ ਹਨ। ਮੈਂ ਸ੍ਰੀ ਰਾਮ ਕਿਸ਼ਨ ਭੜੋਲੀਆਂ ਦੀ ਤਜਵੀਜ਼ ਨੂੰ

[ਚੌਧਰੀ ਬਲਬੀਰ ਸਿੰਘ]

support ਕਰਦਾ ਹਾਂ ਕਿ ਇਕ ਕਮੇਟੀ ਬਣਾਈ ਜਾਏ ਔਰ ਇਹ ਇਸ ਨੂੰ consider ਕਰੇ ਔਰ ਵਾਢਿਆ ਸ਼ਕਲ ਵਿਚ ਬਿਲ ਪੇਸ਼ ਹੋਵੇ ਤਾਂ ਅਸੀਂ ਉਸ ਬਿਲ ਨੂੰ ਪਾਸ ਕਰਨ ਵੇਲੇ ਮੁਬਾਰਕਬਾਦ ਦੇਵਾਂਗੇ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਖੂਬਸੂਰਤ ਬਣਾਉਂਦੇ ਬਣਾਉਂਦੇ ਇਸ ਮੁਲਕ ਦੀ ਹਾਲਤ ਨੂੰ ਨਾਂ ਭੁਲਾ ਦੇਣ। ਮੈਂ ਇਕ ਛੋਟੀ ਜਿਹੀ ਗੱਲ ਕਹਿਣਾ ਚਾਹੁੰਦਾ ਹਾਂ। ਇਸ ਇਲਾਕੇ ਵਿਚ ਮਸ਼ਹੂਰ ਹੈ ਕਿ ਇਕ ਜ਼ਨਾਨੀ ਰੋਜ਼ ਆਪਣੇ ਖਾਵੰਦ ਲਈ ਰੋਟੀ ਲੈ ਕੇ ਜਾਂਦੀ ਸੀ। ਇਕ ਦਿਨ ਖਾਵੰਦ ਨੇ ਆਪਣੀ ਜ਼ਨਾਨੀ ਨੂੰ ਪੁਛਿਆ ਕਿ ਭਲੀਏ ਲੋਕੇ ਕੀ ਸਲੂਣਾ ਬਣਾ ਕੇ ਲਿਆਈ ਏਂ। ਉਸ ਨੇ ਕਿਹਾ ਕਿ ਅਜ ਤਾਂ ਦੋ ਸਲੂਣੇ ਬਣਾਏ ਹਨ। ਖਾਵੰਦ ਉਸ ਦੇ ਗਲ ਪੈ ਗਿਆ ਕਿ ਛਾਹ ਵੇਲੇ ਤੂੰ ਦੋ ਸਲੂਣੇ ਬਣਾ ਕੇ ਲੈ ਆਈ ਏਂ, ਤੂੰ ਘਰ ਉਜਾੜਨਾ ਲਿਆ ਹੋਇਆ ਹੈ। ਪੁਛਣ ਤੇ ਜ਼ਨਾਨੀ ਨੇ ਦਸਿਆ ਕਿ ਦੋ ਸਲੂਣੇ ਇਕ ਅਚਾਰ ਦੂਜੇ ਲੱਸੀ ਵਿਚ ਲੂਣ ਪਾ ਕੇ ਲਿਆਈ ਹਾਂ। (*Laughter*) ਕਹਿਣ ਦਾ ਮਤਲਬ ਇਹ ਹੈ ਕਿ ਉਸ ਇਲਾਕੇ ਦੀ ਹਾਲਤ ਇਹ ਹੈ ਕਿ ਉਥੇ ਦੇ ਲੋਕੀਂ ਅਚਾਰ ਔਰ ਲੂਣ ਵਾਲੀ ਲੱਸੀ ਤੋਂ ਸਿਵਾ ਹੋਰ ਕੋਈ ਸਲੂਣਾ afford ਨਹੀਂ ਕਰ ਸਕਦੇ। ਇਸ ਲਈ ਪੇਸ਼ਤਰ ਇਸ ਦੇ ਕਿ ਬਿਲ ਪਾਸ ਕੀਤਾ ਜਾਏ ਉਨ੍ਹਾਂ ਦੀ ਗਰੀਬੀ ਨੂੰ ਮਦੇਨਜ਼ਰ ਰਖਿਆ ਜਾਏ। ਅਗਰ ਸਰਕਾਰ ਉਸ ਇਲਾਕੇ ਨੂੰ ਖੂਬਸੂਰਤ ਬਣਾਉਣਾ ਚਾਹੁੰਦੀ ਹੈ ਤਾਂ ਜਿਸ ਤਰ੍ਹਾਂ ਕਾਮਰੇਡ ਰਾਮ ਕਿਸ਼ਨ ਭੜੋਲੀਆਂ ਨੇ ਫਰਮਾਇਆ ਹੈ, ਸਰਕਾਰ ਮਕਾਨ ਬਣਾ ਦੇਵੇ ਔਰ ਲੋਕਾਂ ਕੋਲੋਂ ਲੰਮੀਆਂ ਕਿਸ਼ਤਾਂ ਵਿਚ ਪੈਸਾ ਵਸੂਲ ਕਰ ਲਵੇ ਤਾਕਿ ਇਲਾਕਾ ਵੀ ਖੂਬਸੂਰਤ ਬਣ ਜਾਏ ਔਰ ਉਥੇ ਵਸਣ ਵਾਲੇ ਵੀ ਖਤਮ ਨਾ ਹੋ ਜਾਣ। ਜੇਕਰ ਇਲਾਕਾ ਖੂਬਸੂਰਤ ਬਣ ਜਾਵੇ ਔਰ ਵਸਣ ਵਾਲੇ ਆਪ ਖਤਮ ਹੋ ਜਾਣ ਤਾਂ ਇਸ ਖੂਬਸੂਰਤੀ ਦਾ ਕੀ ਫਾਇਦਾ।

सिंचाई तथा विद्युत मंत्री (सरदार ज्ञान सिंह राड़ेवाला) : जनाब डिप्टी स्पीकर साहिब, इस बिल पर ग़ौर करते हुए मेरे फ़ाज़िल दोस्त कामरेड राम किशन की तरफ़ से कुछ खदशे और एतराज़ ज़ाहिर किये गये हैं। एक तो उन्होंने कहा कि 5,5 मील का area इस में लिया गया है और इस बात का ख्याल नहीं रखा गया कि इस में एक ज़िले के अलावा कई ज़िले लगते हैं और साथ ही हिमाचल प्रदेश का इलाका लगता है। इस में कोई शक नहीं कि Periphery में पांच मील का इलाका लिया गया है लेकिन अगर वह इस बिल की क्लाज़ 3(1) को देखेंगे तो उस में यह नहीं कि यह कानून बन जाने के बाद यकलख्त उस पांच मील के area पर हावी हो जायेगा बल्कि क्लाज़ 3(1) के मातहत State Government Official Gazette में declare करेगी कि इस के कौन २ से हिस्से पर इस ऐक्ट की provisions को लागु करना है। यह ज़रूरी नहीं कि उस सारे area पर जो पांच मील का है यकलख्त हावी कर दिया जाये।

ਪੰਡਤ ਰਾਮ ਕਿਸ਼ਨ ਭੜੋਲੀਆਂ : ਮੈਂ ਪੁੱਛਣਾ ਚਾਹੁੰਦਾ ਹਾਂ ਕਿ ਦੇਭੇਟਾ ਨੰਗਲ ਨੂੰ electric ਤੇ ਪਾਣੀ ਕਿਉਂ ਨਹੀਂ ਮਿਲਿਆ ?

सिंचाई तथा विद्युत मंत्री : जनाबे आली, यह जो बिल हाउस के सामने पेश है Nangal Buildings के मुतअल्लिक नहीं, Nangal Township के मुतअल्लिक है। यह अलफ़ाज़ उन्होंने मुलाहज़ा नहीं फरमाए। यह बात पहली दफ़ा मेरे नोटिस में

आई है। मुझे पता नहीं कि बिजली गई है या नहीं गई। बिल के पास हो जाने के बाद इन गांव को भी फायदा पहुंच जायेगा।

दूसरी बात उन की तरफ से कही गई थी कि इस में Deputy Commissioner, Hoshiarpur, को नामज़द किया गया है। Deputy Commissioner means Deputy Commissioner of Hoshiarpur District लेकिन इस के साथ ही इस में वजाहत कर दी कि 'It includes any person for the time being appointed by the State Government by notification in the Official Gazette' इस से जो उन के खदशे थे वह इस provision से दूर हो जाते हैं और कोई administrative difficulty हमारे सामने नहीं आयेगी।

तीसरी बात उन की तरफ से यह कही गई थी कि इस इलाके के पांच मील के area में देहात हैं; उन की ज़मीनों की कीमतें गिर जायेंगी। यह उन पर hardship होगी कि वह खास design के houses बनायें; उन को मंज़ूरी नहीं मिलेगी। आप ने कहा कि यहां township के कायम होने से गिर्दो नवाह की ज़मीनों की कीमतें बढ़ जायेंगी लेकिन इस कानून के बन जाने से गिर जायेंगी।

ਪੰਡਤ ਰਾਮ ਕਿਸ਼ਨ ਭੜੋਲੀਆਂ : ਮੈਂ ਕਿਹਾ ਸੀ ਕਿ ਉਹ ਫਾਇਦਾ ਨਹੀਂ ਉਠਾ ਸਕਣਗੇ।

सिचाई तथा विद्युत मंत्री : इस बिल की clause 4 में provision की गई है कि—

'Deputy Commissioner shall not refuse permission to the erection or re-erection of a building if such building is required for agricultural purposes.'

यह बात थी कि गांव में इस किस्म की शिकायतें न पैदा हों जायें। इन बातों को मद्दे नज़र रखते हुए यह provision किया गया है। मैं समझता हूं कि इस से कोई खदशा नहीं रहना चाहिये कि इस बिल का इस्तेमाल सख्ती से किया जायेगा। इस बिल के provision को liberally इस्तेमाल किया जायेगा। हमारा मनशा यह है कि जैसा कि इस बिल के statement of objects and reasons में बताया गया है कि Nangal Township से Bhakra जाते हुए इस किस्म की haphazard growth हो गई है जो उस जगह को बहुत बदनुमा बना रही है और इस mushroom growth का बाहर से आने वाले visitors पर कोई अच्छा impression नहीं बैठता। मेरा मतलब महज़ इस township को improve करने का है। यह नहीं कि भाखड़ा डैम मुकम्मल हो जाने के बाद लोगों की तवज्जुह इस तरफ से हट जायेगी बल्कि मैं समझता हूं कि भाखड़ा डैम के मुकम्मल हो जाने के बाद Lake के बनने से visitors की तादाद ज़्यादा बढ़ेगी। इस वास्ते ज़रूरी था कि इस की growth को control किया जाये। मैं समझता हूं कि यह एक harmless बिल है और इसे Select Committee के सुपुर्द करने की ज़रूरत नहीं बल्कि हाउस को इसी sitting में गौर करना चाहिये।

ਪੰਡਤ ਰਾਮ ਕਿਸ਼ਨ ਭੜੋਲੀਆਂ : ਨਵੀਂ ਆਬਾਦੀ ਬਣਨੀ ਸੀ...

Mr. Deputy Speaker: No interruption please.

सिंचाई तथा विद्युत मंत्री : मैं आप की इजाज़त से अर्ज़ करना चाहता हूं, गो इस का इस बिल से कोई ताल्लुक नहीं है। इस कानून के पास हो जाने से किसी आबादी को नहीं उठाया जा रहा। Fertilizers Factory जो बन रही है उस के लिये ज़रूरी है कि ज़मीन ली जाये। कामरेड साहिब ने इस बात का जिक्र किया है। इस चीज़ का इस बिल से कोई वास्ता नहीं। अगर कोई hardship हुई तो बात चीत की जा सकती है। जिस तरह भाखड़ा में lake के नीचे ज़मीन आने वाली है; उस की वजह से जो लोग उखड़ रहे हैं उन्हें बसाने का इंतज़ाम किया जा रहा है। इसी तरह जो लोग इस की वजह से उखड़ेंगे उन को बसाने का इंतज़ाम किया जायेगा।

Mr. Deputy Speaker : Question is—

That the Nangal Township (Periphery) Control Bill, be taken into consideration at once.

The motion was carried.

Mr. Deputy Speaker : Now the House will proceed to consider the Bill Clause by Clause.

SUB-CLAUSES (2) AND (3) OF CLAUSE 1

Sardar Umrao Singh (Nakodar General) : Sir, I beg to move—

At the end of sub-clause (2), *add*—

"and also to the land acquired on both the right and left banks of the river Sutlej for the factory and associate township of the Nangal Fertilizers and Chemicals (Private) Ltd."

ਡਿਪਟੀ ਸਪੀਕਰ ਸਾਹਿਬ, ਇਹ ਜਿਹੜੀ ਕਲਾਜ਼ 1 ਦੀ ਸਬ-ਕਲਾਜ਼ (2) ਹੈ ਇਸ ਦੇ ਵਿਚ ਜਿਹੜਾ ਏਰੀਆ ਦਸਿਆ ਗਿਆ ਹੈ ਇਹ ਐਗਜ਼ਿਸਟਿੰਗ ਨੰਗਲ ਟਾਊਨਸ਼ਿਪ ਦਸਿਆ ਗਿਆ ਹੈ ਔਰ ਜਿਹੜਾ ਫਰਟੀਲਾਈਜ਼ਰਜ਼ Factory ਔਰ ਕੈਮੀਕਲਜ਼ Ltd. ਦੇ ਬਣਨ ਨਾਲ ਏਰੀਆ ਬਣਨਾ ਹੈ ਉਹ ਏਰੀਆ ਵੀ include ਕੀਤਾ ਜਾਏ ਤਾਕਿ ਇਹ ਸਾਰੇ ਏਰੀਏ ਤੇ ਲਾਗੂ ਹੋ ਸਕੇ।

Mr. Deputy Speaker : Motion moved—

At the end of sub-clause (2), *add*—

"and also to the land acquired on both the right and left banks of the river Sutlej for the factory and associate township of the Nangal Fertilizers and Chemicals (Private) Ltd."

Minister for Irrigation and Power : Sir, I accept this amendment.

Mr. Deputy Speaker : Question is—

At the end of sub-clause (2), *add*—

"and also to the land acquired on both the right and left banks of the river Sutlej for the factory and associate township of Nangal Fertilizers and Chemicals (Private) Ltd."

The Assembly then divided—

Ayes	..	56
Noes	..	17

The motion was declared carried.

AYES

1. Abhai Singh, Shri.
2. Amar Nath Vidyalankar, Shri.
3. Baloo Ram, Shri.
4. Balwant Rai Tayal, Shri.
5. Balwant Singh, Sardar.
6. Banarsi Das Gupta, Shri.
7. Bhagirth Lall Shastri, Pandit.
8. Bhule Ram, Chaudhry.
9. Bhupinder Singh, Sardar.
10. Chanda Singh, Sardar.
11. Charan Singh, Sardar.
12. Balbir Singh, Shri.
13. Dasondha Singh, Chaudhri.
14. Dev Dutt Puri, Shri.
15. Dhanna Singh Gulshan, Sardar.
16. Gajraj Singh, Rao.
17. Gian Singh Rarewala, Sardar.
18. Gorakh Nath, Shri.
19. Guran Dass Hans, Bhagat.
20. Gurdatt, Shri.
21. Gurdit Singh, Sardar.
22. Hans Raj Sharma, Shri.
23. Harbans Lal, Shri.
24. Harbans Singh, Sardar.
25. Harbhagwan Maudgil, Shri.
26. Harchand Singh, Sardar.
27. Harguranad Singh, Sardar.
28. Harparkash Kaur, Bibi.
29. Jagdish Chand, Shri.
30. Jasdev Singh Sandhu, Sardar.
31. Joginder Singh, Sardar.
32. Kartar Singh Dewana, Sardar.
33. Kartar Singh, Gyani.
34. Kesra Ram, Shri.
35. Krishna Sethi, Shrimati.
36. Mehar Singh, Thakur
37. Mihan Singh, Sardar
38. Multan Singh, Shri.
39. Niranjan Singh Talib, Sardar.
40. Nihal Singh, Shri.
41. Parma Nand, Dr.
42. Partap Singh, Bakshi.
43. Partap Singh, Master.
44. Pritam Singh Sahoke, Sardar.
45. Rajinder Singh, Sardar.
46. Ram Piara, Shri.
47. Roshan Lal, Shri.
48. Sadhu Ram, Chaudhri.
49. Sneh Lata, Shrimati.
50. Shri Krishan Shastri, Shri.
51. Sohan Singh, Sardar.
52. Sumitra Devi, Shrimati.
53. Suraj Mal, Chaudhry.
54. Udham Singh, Sardar.
55. Umrao Singh, Sardar.
56. Paul Singh, Sardar.

NOES

1. Achhar Singh Chinna, Sardar.
2. Balbir Singh, Chaudhri.
3. Baldev Prakash, Dr.
4. Balram Das Tandon, Shri.
5. Bhag Singh, Dr.
6. Chander Bhan, Chaudhri.
7. Dharam Singh Rathi, Chaudhri.
8. Hukam Singh, Shri.
9. Inder Singh, Shri.
10. Jagdish Kaur, Kanwarani.
11. Jangir Singh, Com.
12. Karam Chand, Chaudhri.
13. Lal Chand, Shri
14. Muni Lal, Shri.
15. Phul Singh "Kataria", Shri.
16. Ram Kishan Bharolian, Pandit.
17. Sahi Ram Bishnoi, Chaudhri.

Mr. Deputy Speaker : Question is—

That sub-clause (2), as amended, and sub-clause (3) of clause 1 stand part of the Bill.

The motion was carried

CLAUSE 2

Mr. Deputy Speaker : Question is—

That Clause 2 stand part of the Bill.

The motion was carried.

CLAUSES 3 AND 4

Mr. Deputy Speaker : Question is—

That clauses 3 and 4 stand part of the Bill.

The motion was carried.

CLAUSE 5

ਚੌਧਰੀ ਬਲਬੀਰ ਸਿੰਘ (ਹੁਸ਼ਿਆਰਪੁਰ ਜਨਰਲ) : ਡਿਪਟੀ ਸਪੀਕਰ ਸਾਹਿਬ, ਕਲਾਜ਼ 5 ਇਸ ਤਰ੍ਹਾਂ ਹੈ :—

> 'Except as provided here inafter, no person shall erect or re-erect any building or make or extend any excavation or layout any means of access to a road in the controlled area save in accordance with the plan referred to in section 4 and such other restrictions as may be prescribed.

ਇਕ ਤਾਂ ਜੋ restriction prescribe ਕੀਤੀ ਜਾਏਗੀ ਉਹ clear ਨਹੀਂ । ਦੂਸਰੀ ਅਰਜ਼ ਇਹ ਹੈ ਕਿ erect ਅਤੇ re-erect....ਜੇ ਕਰ ਕਿਸੇ ਦਾ ਮਕਾਨ ਗਿਰ ਜਾਂਦਾ ਹੈ ਤਾਂ ਉਹ re-erect ਨਹੀਂ ਕਰ ਸਕਦਾ । ਪਹਾੜੀ ਮਕਾਨ ਤਾਂ ਪਹਿਲਾਂ ਹੀ ਬੜੇ ਕਮਜ਼ੋਰ ਹੁੰਦੇ ਹਨ, ਜੇਕਰ ਉਹ ਗਿਰ ਜਾਣ ਤਾਂ ਮਾਲਿਕ ਉਨ੍ਹਾਂ ਨੂੰ re-erect ਨਹੀਂ ਕਰ ਸਕਦੇ ਜਦੋਂ ਤਕ ਕਿ ਮਨਜ਼ੂਰੀ ਨਾ ਹੋ ਜਾਵੇ । ਇਹ provision ਬੜੀ ਗ਼ਲਤ ਹੈ । ਇਸ ਨਾਲ ਲੋਕਾਂ ਨੂੰ ਬੜੀ ਤਕਲੀਫ਼ ਹੋਵੇਗੀ । ਇਸ ਕਰ ਕੇ ਮੈਂ ਦਰਖਾਸਤ ਕਰਦਾ ਹਾਂ ਕਿ clause 5 ਪਾਸ ਨਾ ਕੀਤੀ ਜਾਵੇ ।

श्री इन्द्र सिंह (जींद जनरल) : जनाब, मैं ने सिर्फ एक अर्ज़ करनी है और वह यह है कि इरेक्शन और रीइरेक्शन पर पाबन्दी लगा दी तो दफा चार के मातहत यह चीज़ कन्ट्रेडिक्टरी हो जाएगी। इस लिये अगर रीइरेक्शन का लफज़ उड़ा दिया जाए तो मैं समझता हूं कि इस का मकसद पूरा हो जाएगा। यह कन्ट्रेडिक्टरी है इस लिये मैं वज़ीर साहिब से दरखास्त करूंगा कि इस को ग़ौर से पढ़ें तो उन को मालूम होगा कि रीइरेक्शन पर जो पाबन्दी है वह किसी तरह से भी जस्टीफाईड नहीं है। अगर किसी आदमी का मकान गिर जाता है और वह उन्हीं बुनियादों पर फिर खड़ा करना चाहे तो दफ़ा चार के मातहत रीइरेक्शन के लिये मन्ज़ूरी लेने की बात किसी तरह से भी जस्टीफाईड नहीं है। मुझे आशा है कि वज़ीर साहिब इस क्लाज़ से ये लफज़ निकाल देंगे।

Mr. Deputy Speaker : Question is—

That Clause 5 stand part of the Bill.

The motion was carried

CLAUSE 6

Mr. Deputy Speaker : Now clause 6 is before the House.

ਚੋਧਰੀ ਬਲਬੀਰ ਸਿੰਘ (ਹੁਸ਼ਿਆਰਪੁਰ, ਜਨਰਲ) : ਜਨਾਬ, ਪਹਿਲਾਂ ਵੀ ਮੈਂ ਕਿਹਾ ਸੀ ਕਿ ਇਹ powers Deputy Commissioners ਨੂੰ ਦਿਤੀਆਂ ਗਈਆਂ ਹਨ, ਇਹ ਠੀਕ ਨਹੀਂ । ਉਹ ਗ਼ਰੀਬ ਆਦਮੀ ਨਕਸ਼ਾ ਭੇਜੇ, ਮਨਜ਼ੂਰ ਕਰਵਾਏ, ਇਸ ਦੇ ਨਾਲ ਉਸ ਦੀਆਂ ਦਿੱਕਤਾਂ ਵਧ ਜਾਣਗੀਆਂ, ਲੋਕਾਂ ਦੀਆਂ ਤਕਲੀਫਾਂ ਵਧ ਜਾਣਗੀਆਂ । ਗ਼ਰੀਬ ਆਦਮੀ ਦਾ ਮਕਾਨ ਬਾਰਸ਼ ਵਿਚ ਡਿਗ ਪੈਂਦਾ ਹੈ । ਉਹ Deputy Commissioner ਨੂੰ ਲਿਖਦਾ ਹੈ। ਤਿੰਨ ਮਹੀਨੇ ਮਨਜ਼ੂਰੀ ਆਉਣ ਵਿਚ ਲਗ ਜਾਂਦੇ ਹਨ । ਉਸ ਦੇ ਬਚੇ ਤਿੰਨ ਮਹੀਨੇ ਕਿਥੇ ਰਹਿਣਗੇ ? ਜਾਂ ਉਸ ਦੀ ਦੁਕਾਨ ਗਿਰ ਗਈ ਹੈ ਤਾਂ ਉਹ ਆਪਣਾ ਸਾਮਾਨ ਕਿਥੇ ਰਖੇਗਾ ਕਿਥੇ ਨਹੀਂ ਰਖੇਗਾ ? ਇਹ ਬੜੀਆਂ ਮੁਸ਼ਕਲਾਤ ਹਨ । ਇਸ ਕਰਕੇ ਮੈਂ suggest ਕਰਦਾ ਹਾਂ ਕਿ ਇਕ local committee ਮੁਕੱਰਰ ਕੀਤੀ ਜਾਣੀ ਚਾਹੀਦੀ ਹੈ । ਉਸ ਕਮੇਟੀ ਨੂੰ ਉਹੋ ਅਖਤਿਆਰ ਹੋਣੇ ਚਾਹੀਦੇ ਹਨ ਜਿਸ ਤਰਾਂ ਕਿ ਦੂਸਰਿਆਂ ਸ਼ਹਿਰਾਂ ਦੀਆਂ ਕਮੇਟੀਆਂ ਨੂੰ ਹੁੰਦੇ ਹਨ । Municipal Committee ਨੂੰ ਅਖਤਿਆਰ ਹੁੰਦੇ ਹਨ ਕਿ ਉਹ ਨਕਸ਼ੇ ਬਣਵਾਉਂਦੀ ਹੈ ਅਤੇ ਉਸ ਇਲਾਕੇ ਦੇ circumstances ਦੇ ਮੁਤਾਬਕ ਹੀ ਉਨ੍ਹਾਂ ਨੂੰ ਪਾਸ ਕਰਵਾਉਂਦੀ ਹੈ । ਇਸ ਦੇ ਨਾਲ ਲੋਕਾਂ ਨੂੰ ਬਹੁਤ ਘਟ ਦਿੱਕਤ ਹੁੰਦੀ ਹੈ । ਪਰ ਜੇ ਕਰ ਉਸ ਗ਼ਰੀਬ ਆਦਮੀ ਨੂੰ ਹੁਸ਼ਿਆਰਪੁਰ ਡਿਪਟੀ ਕਮਿਸ਼ਨਰ ਕੋਲ 33 ਮੀਲ ਦੇ ਫਾਸਲੇ ਤੇ ਜਾਣਾ ਪਿਆ ਅਤੇ ਉਥੋਂ ਜਾ ਕੇ ਹੁਸ਼ਿਆਰਪੁਰੋਂ Overseer ਲਿਆਉਣਾ ਪਿਆ ਤਾਂ ਬੜੀ ਮੁਸ਼ਕਿਲ ਬਣੇਗੀ । ਨੰਗਲ ਜਿਹੜੇ Overseers ਹਨ ਉਹ ਸਾਰੇ ਸਰਕਾਰੀ ਮੁਲਾਜ਼ਮ ਹਨ ਅਤੇ ਉਹ private ਮਕਾਨਾਂ ਦੇ ਨਕਸ਼ੇ ਨਹੀਂ ਬਣਾਉਂਦੇ । ਇਸ ਕਰਕੇ ਪਹਿਲਾਂ ਉਸ ਆਦਮੀ ਨੂੰ ਹੁਸ਼ਿਆਰਪੁਰ ਜਾਣਾ ਪਿਆ ਕਰੇਗਾ, ਉਥੋਂ ਜਾ ਕੇ Overseer ਲਿਆਏਗਾ, ਫਿਰ ਨਕਸ਼ਾ ਬਣਵਾਏਗਾ । Overseer ਹੁਸ਼ਿਆਰਪੁਰੋਂ ਆਵੇਗਾ ਨੰਗਲ ਆ ਕੇ ਜਗਾ ਨਾਪੇਗਾ ਅਤੇ ਫਿਰ ਨਕਸ਼ਾ ਬਣਾਵੇਗਾ । ਇਸ ਦੌਰਾਨ ਦਾ Overseer ਦਾ ਸਾਰਾ ਖਰਚ ਉਸ ਗਰੀਬ ਆਦਮੀ ਦੇ ਸਿਰ ਪੈ ਜਾਏਗਾ । ਜਿਸ ਆਦਮੀ ਕੋਲ ਪਹਿਲੇ ਹੀ ਮਕਾਨ re-erect ਕਰਨ ਲਈ ਪੈਸੇ ਨਹੀਂ ਹਨ, ਡਿਪਟੀ ਕਮਿਸ਼ਨਰ ਨੂੰ ਇਹ powers ਦੇ ਕੇ, ਉਸ ਦੇ ਉਪਰ ਵਾਧੂ ਭਾਰ ਪਾਉਣ ਵਾਲੀ ਗੱਲ ਹੈ । ਇਸ ਲਈ ਮੈਂ ਤੁਹਾਡੀ ਰਾਹੀਂ ਉਨ੍ਹਾਂ ਦੀ ਸੇਵਾ ਵਿਚ ਅਰਜ਼ ਕਰਾਂਗਾ ਕਿ ਜਿਨ੍ਹਾਂ ਲੋਕਾਂ ਨੇ ਮਕਾਨ re-erect ਕਰਨੇ ਹਨ ਉਨ੍ਹਾਂ ਦੇ ਮਕਾਨਾਂ ਦੇ ਨਕਸ਼ੇ ਸਰਕਾਰੀ Overseers ਬਣਾਉਣ ਅਤੇ ਉਥੋਂ ਦੀ ਜਿਹੜੀ ਕਮੇਟੀ ਹੋਵੇ ਉਹ ਉਹਨਾਂ ਨਕਸ਼ਿਆਂ ਨੂੰ ਪਾਸ ਕਰੇ । ਜੇ ਕਰ ਇਹ ਗੱਲ ਨਾ ਹੋਈ ਤਾਂ ਉਥੋਂ ਦਿਆਂ ਗਰੀਬ ਲੋਕਾਂ ਨੂੰ ਬੜੀ ਦਿੱਕਤ ਹੋਵੇਗੀ ਅਤੇ ਉਹ ਬਹੁਤ ਤੰਗ ਹੋਣਗੇ ।

सिंचाई तथा विद्युत मंत्री (सरदार ज्ञान सिंह राड़ेवाला) : जनाब डिप्टी स्पीकर साहिब, जिस क्लाज़ पर बहस हो रही है उसी क्लाज़ को जो सब क्लाजेज़ हैं उन की तरफ मैं हाऊस की तवज्जुह दिलाना चाहता हूं। मैं समझता हूं कि इन को पढ़ने के बाद जो उन के दिमाग़ में शिकायतें हैं कि यह तकलीफ होगी, वह रफा हो जाएंगी। मैं ने पहले भी उन का हवाला दिया था। इस क्लाज़ की सब क्लाज़ चार है......

"The Deputy Commissioner shall not refuse permission to the erection or re-erection of a building if such building is required for agricultural purposes provided it is ensured that the building will be used solely for agricultural purposes."

[सिंचाई तथा विद्युत मंत्री]

उस के बाद सब क्लाज़ पांच है. . . .

"The Deputy Commissioner shall not refuse permission to the erect on or re-erection of a building which was in existence on the date on which the notification under sub-clause (1) of section 3 was made, nor he shall impose any condition in respect of such erection or re-rection unless he is satisfied that there is a probability that the building will be used for a purpose or is designed in a manner other than that for which it was used or designed on the date on which the said notification was made."

इस के इलावा छ: नंबर की सब क्लाज़ में यह भी रखा गया है...

"If at the expiration of a period of three months after an application under sub section (1) has been made to the Deputy Commissioner, no order in writing has been passed by the Deputy Commissioner, permission shall, without prejudice to the restriction signified in the plans under section 4, be deemed to have been given without the imposition of any conditions."

इस में कहीं नहीं लिखा हुआ कि दरखास्त का फैसला होने में देर लगेगी । यह सारी चीज़ जल्दी ही हो जाया करेगी । इस लिये मैं अर्ज़ करूंगा कि यह क्लाज़ जिस तरह से है उसी तरह से ही इस को जल्दी ही पास कर दिया जाए ।

ਚੌਧਰੀ ਬਲਬੀਰ ਸਿੰਘ (ਹੁਸ਼ਿਆਰਪੁਰ, ਜਨਰਲ) : ਅਰਜ਼ ਇਹ ਹੈ ਕਿ ਇਨ੍ਹਾਂ ਨੇ appeal ਸੁਣਨ ਦਾ ਹਕ ਵੀ Commissioner ਸਾਹਿਬ ਨੂੰ ਦੇ ਦਿਤਾ ਹੈ । ਗਰੀਬ ਆਦਮੀ ਨੂੰ ਹੁਸ਼ਿਆਰਪੁਰ ਤੋਂ ਜਾਲੰਧਰ ਜਾਣਾ ਪਵੇਗਾ । ਇਹ ਬੜਾ unnecessary lengthy procedure ਹੈ । ਜੇਕਰ appeal ਸੁਣਨ ਦਾ ਵੀ District Headquarters ਤੇ ਹੀ ਕੋਈ ਇੰਤਜ਼ਾਮ ਹੋ ਜਾਵੇ ਤਾਂ ਉਹ ਜ਼ਿਆਦਾ convenient ਹੋਵੇਗਾ ।

Mr. Deputy Speaker : Question is—

That clause 6 stand part of the Bill.

The motion was carried.

CLAUSE 7

Mr. Deputy Speaker : Now clause 7 is before the House.

Mr. Deputy Speaker : Question is—

That clause 7 stand part of the Bill.

The motion was carried.

CLAUSES 8 TO 12

Mr. Deputy Speaker : Question is—

That clauses 8 to 12 stand part of the Bill.

The motion was carried.

CLAUSES 13 AND 14

Mr. Deputy Speaker : Question is—

That clauses 13 and 14 stand part of the Bill.

The motion was carried.

CLAUSE 15

Mr. Deputy Speaker : Question is—

That clause 15 stand part of the Bill.

The motion was carried.

CLAUSE 16

Mr. Deputy Speaker : Question is—

That clause 16 stand part of the Bill.

The motion was carried.

SUB-CLAUSE (1) OF CLAUSE 1

Mr. Deputy Speaker : Question is—

That sub-clause (1) of Clause 1 stand part of the Bill.

The motion was carried.

TITLE

Mr. Deputy Speaker : Question is—

That title be the title of the Bill.

The motion was carried.

Minister for Irrigation and Power (Sardar Gian Singh Rarewala) **:** Sir, I beg to move—

That the Nangal Township (Periphery) Control Bill, as amended, be passed.

Mr. Deputy Speaker : Motion moved—

That the Nangal Township (Periphery) Control Bill, as amended, be passed.

Mr. Deputy Speaker : Question is—

That the Nangal Township (Periphery) Control Bill, as amended, be passed.

The motion was carried.

THE NORTHERN INDIA CANAL AND DRAINAGE (AMENDMENT) BILL, 1958

Minister for Irrigation and Power (Sardar Gian Singh Rarewala) **:** Sir I beg to move—

That the Northern India Canal and Drainage (Amendment) Bill be taken into consideration at once.

[Minister for Irrigation and power]

जनाबे वाला, इन गुज़शता दस सालों में हम ने भाखड़ा से जो नहरें बनाई हैं, उन का एक जाल बिछा हुआ है.....

(*Some hon. Members were talking amongst themselves on the Treasury Benches*).

Shri Lal Chand: On a point of Order. Sir. There is another meeting going on in the House.

Mr. Deputy Speaker: No interruptions, please.

कंवरानी जगदीश कौर : कल मुझे स्पीकर साहब ने lobbies में जाने का हुक्म दिया था। आप इन को भी वहीं भेज दें।

उपाध्यक्ष महोदय : आप के कहने से तो यह चीज़ नहीं हो सकती। (This cannot be done on the bidding of the lady member.)

सिंचाई तथा विद्युत मंत्री: तो मैं यह अर्ज़ करने जा रहा था कि Irrigation यानी आबपाशी की तौसीह में यह चीज़ बहुत बुरी तरह हावी हो रही है। जब तक कि पानी को खेतों तक ले जाने के लिये channels of water courses न बनाएं, मुकम्मल न हों तो आबपाशी मुकम्मल नहीं हो सकती। इस वक्त जो मौजूदा Act है, वह बहुत पुराना है और इस में इस दिक्कत को रफ़ा करने के लिए कोई भी provision नहीं है। न सिर्फ़ यह कि हमने जो नई नहरें बनाई हैं उन पर ही यह दिक्कत है बल्कि जो पुरानी नहरें हैं उन पर भी यह दिक्कत है। जहां पर water courses बनाने होते हैं; villagers फैसला ही नहीं कर सकते और बाज़ दफ़ा सारे चक की आबपाशी एक शख्स रोक लेता है। ऐसे आदमी की हरकत को check करने के लिये और development करने के लिये यह बहुत ज़रूरी चीज़ थी कि इस का कोई इलाज सोचा जाए। जब एक शख्स भी दरमियान में हावी हो जाए, तो जो drains हम बनाते हैं उन में रुकावट आ जाती है। यह काम तो ऐसा है कि जिस में किसी किस्म की देरी नहीं होनी चाहिए और न ही किसी तरह की रुकावट बरदाश्त की जा सकती है। तो इस सूरत में जो lacuna उस कानून के अन्दर था उस को दूर करने के लिये यह amending Bill लाया गया है। मैं समझता हूं कि यह कोई controversial बिल नहीं है और इस पर ज़्यादा time न लगा कर consider कर लिया जाएगा।

Mr. Deputy Speaker: Motion moved—

That the Northern India Canal and Drainage (Amendment) Bill be taken into consideration at once.

चौधरी धर्म सिंह राठी : स्पीकर साहिब, जहां तक जमींदारों और खेती करने वालों की तकलीफों का ताल्लुक है वाकई यह बिल उन के लिए बड़ा फायदेमन्द है और यह ज़रूर लाना चाहिए था और जो मुश्किलात उन लोगों की पानी आने और पानी खेतों में पहुंचने की है; यह वाकई दुरुस्त है और जैसा कि मिनिस्टर साहब ने फरमाया कि एक आदमी पानी रोक कर खड़ा हो जाता है जो न खाल खोदने देता है, न खाल में पानी आने

देता है इस से ज़मीदारों को बहुत नुकसान होता है। इसलिये जहां तक इस बिल के principle का ताल्लुक है, मैं इस के साथ पूरी तरह agree करता हूं। लेकिन इस के साथ ही मैं मिनिस्टर साहब से अर्ज़ करता हूं कि कहीं इस का misuse न हो। यह सब को मालूम है कि महकमा नहर और P. W. D. के लोगों को यह एक देरीना बीमारी है कि जिस से पैसा लेना हो वहां खेतों में बार बार जाकर खालों को काट देते हैं। इस लिये मैं मिनिस्टर मोहतरिम से अर्ज़ करता हूं कि इस बिल का नाजायज़ तौर पर फायदा न उठाने देना चाहिए और यह न हो कि महकमा के आदमी ज़मीदारों और किसानों को तंग करें या इस बिल की आड़ में उन से रुपया मांगने या एंठने की कोशिश करें। इस तरीका से यह चीज़ें नहीं होनी चाहिएं। इस के अलावा दो चार बातें और हैं जिन का ज़िक्र जब जब वह clauses आएंगी तो मैं करूंगा। लेकिन मैं principle of the Bill से agree करता हुआ यह अर्ज़ करूंगा कि मिनिस्टर साहब यह ख्याल रखें कि इस बिल का misuse न हो। उन को इस महकमा वालों का तजरुबा है कि किस तरह पटवारी, ज़िलेदार और overseers वगैरह किस तरीके से तंग करते रहते हैं। अब तक position यह है कि मंज़ूरशुदा खाल पर भी पानी लगाते वक्त काफ़ी corruption चलती है। इसलिये इन अलफाज़ के साथ मैं मिनिस्टर साहब से तवक्को करूंगा कि वह खेती करने वालों के interest को अच्छी तरह से watch करें।

Sardar Bhupinder Singh Mann (Samana, General) : Mr. Deputy Speaker, I rise to support this measure and I am glad that my friend after all has brought forward a measure which will win him support in this House otherwise since morning he has been bringing forward unpopular measures. Sir, undoubtedly there was a lacuna and the Government had no powers by which it could acquire land for the small channels—or what we call 'Khals'—and thus very much desired progress was thwarted at many places.

I am glad that the powers under which the land was taken previously for the Bhakra Canals are now being taken for taking land for 'Khals'. Of course, anxieties and doubts are there. My fear is that this Department has singularly specialized in not paying the compensation which is due to the persons whose lands it has acquired. Sometimes the compensation for the land acquired by it is not paid for years and years together and those channels are standing monuments of inefficiency on the part of this Department. Those small running rivulets or canals are always a sad reminder about the inefficiency of this Department and leave a very bad taste in the minds that for years together the compensation has not been paid. Lands will be acquired under this Act when it comes into force and compensation therefor will have to be paid. So that problem, if not rightly tackled, may aggravate the position a lot. So I request that some sort of provision which ensures an expeditious payment of compensation may be added so that the bitterness does not linger on in the minds of the irrigators.

With these words, I support this measure.

ਚੌਧਰੀ ਬਲਬੀਰ ਸਿੰਘ (ਹੁਸ਼ਿਆਰਪੁਰ, ਜਨਰਲ) ਡਿਪਟੀ ਸਪੀਕਰ ਸਾਹਿਬ, ਇਸ ਬਿਲ ਦਾ ਜਿਹੜਾ ਮਕਸਦ ਹੈ ਉਸ ਦੇ ਨਾਲ ਤਾਂ ਮੈਂ ਸਹਿਮਤ ਹਾਂ। ਲੇਕਿਨ ਇਸ ਬਾਰੇ ਇਕ

[ਚੌਧਰੀ ਬਲਬੀਰ ਸਿੰਘ]

ਗਲ ਮੇਰੇ ਦੋਸਤ ਮਾਨ ਸਾਹਿਬ ਨੇ ਦੱਸੀ ਹੈ ਕਿ ਜਿਹੜੀਆਂ ਜ਼ਮੀਨਾਂ ਲਈਆਂ ਜਾਣ ਉਨ੍ਹਾਂ ਦੀ compensation ਜਲਦੀ ਮਿਲਣੀ ਚਾਹੀਦੀ ਹੈ। ਇਸ ਮਤਲਬ ਲਈ ਜ਼ਰੂਰ ਕੋਈ ਤਰੀਕਾ ਕੱਢਿਆ ਜਾਵੇ। ਇਸ ਬਾਰੇ ਇਕ ਗਲ ਮੈਂ ਹੋਰ ਕਹਿਣਾ ਚਾਹੁੰਦਾ ਹਾਂ ਕਿ ਜਿਨ੍ਹਾਂ ਜ਼ਮੀਨਾਂ ਵਿਚੋਂ ਕੋਈ ਨਹਿਰ, ਰਜਬਾਹ, ਖਾਲ੍ਹ ਜਾਂ ਕੋਈ ਸੜਕ ਕੱਢੀ ਜਾਂਦੀ ਹੈ ਉਹ ਕਈ ਖੇਤਾਂ ਦੇ ਕਈ ਥਾਵਾਂ ਤੇ ਦੋ ਹਿੱਸੇ ਕਰ ਦਿੰਦੀ ਹੈ। ਇਸ ਦੇ ਨਾਲ ਇਹ ਹੋ ਜਾਂਦਾ ਹੈ ਕਿ ਖੇਤ ਦਾ ਇਕ ਹਿੱਸਾ ਤਾਂ ਨਹਿਰ ਦੇ ਇਕ ਪਾਸੇ ਰਹਿ ਜਾਂਦਾ ਹੈ ਤੇ ਦੂਜਾ ਦੂਜੇ ਪਾਸੇ ਰਹਿ ਜਾਂਦਾ ਹੈ ਤੇ ਨਹਿਰ ਦਾ ਮਹਿਕਮਾ ਨਹਿਰ ਦੇ ਥੱਲੇ ਦੀ ਪਾਣੀ ਦੂਜੇ ਹਿੱਸੇ ਵਾਸਤੇ ਲੈ ਜਾਣ ਦੀ ਇਜਾਜ਼ਤ ਨਹੀਂ ਦਿੰਦਾ। ਜਿਸ ਕਰਕੇ ਜ਼ਿਮੀਂਦਾਰਾਂ ਨੂੰ ਬੜਾ ਨੁਕਸਾਨ ਪਹੁੰਚਦਾ ਹੈ। ਇਸ ਬਾਰੇ ਮੈਂ ਮਨਿਸਟਰ ਸਾਹਿਬ ਨੂੰ ਯਾਦ ਕਰਾਉਂਦਾ ਹਾਂ ਕਿ recently ਮੈਂ ਉਨ੍ਹਾਂ ਨੂੰ ਇਕ ਦਰਖਾਸਤ ਦਿਤੀ ਸੀ ਜਿਸ ਵਿਚ ਇਹ ਦੱਸਿਆ ਗਿਆ ਸੀ ਕਿ ਆਦਮਪੁਰ ਨੂੰ ਜਿਹੜੀ ਨਹਿਰ ਜ਼ਿਲ੍ਹਾ ਹੁਸ਼ਿਆਰ ਪੁਰ ਦੇ ਪਿੰਡ ਅੰਬੋਗੀ ਦੇ ਕੋਲੋਂ ਹੋ ਕੇ ਜਾਂਦੀ ਹੈ ਉਹ ਉਥੇ ਇਕ ਜ਼ਿਮੀਂਦਾਰ ਦੀ ਜ਼ਮੀਨ ਵਿਚੋਂ ਹੋ ਕੇ ਲੰਘਦੀ ਹੈ। ਉਸ ਨੇ ਆਪਣੀ ਜ਼ਮੀਨ ਵਿਚ ਇਕ tube-well ਲਾਇਆ ਹੋਇਆ ਹੈ। ਪਰ ਇਸ ਨਹਿਰ ਦੇ ਨਿਕਲਣ ਨਾਲ ਉਸ ਦੀ ਜ਼ਮੀਨ ਦੋ ਹਿੱਸਿਆਂ ਵਿਚ ਵੰਡੀ ਗਈ ਹੈ। ਜਿਸ ਪਾਸੇ ਉਸ ਨੇ tube-well ਲਗਾਇਆ ਹੋਇਆ ਹੈ ਉਸ ਪਾਸੇ ਤਾਂ ਕੇਵਲ ਦੋ ਜਾਂ ਤਿੰਨ ਏਕੜ ਜ਼ਮੀਨ ਰਹਿ ਗਈ ਹੈ ਪਰ ਜਿਸ ਪਾਸੇ tube-well ਨਹੀਂ ਉਸ ਪਾਸੇ ਉਸ ਦੀ 50 ਏਕੜ ਜ਼ਮੀਨ ਰਹਿ ਗਈ ਹੈ। ਜਿਧਰ ਪਾਣੀ ਦਾ ਇੰਤਜ਼ਾਮ ਹੈ ਉਧਰ ਉਸ ਦੀ ਜ਼ਮੀਨ ਨਹੀਂ ਰਹੀ ਤੇ ਜਿਧਰ ਜ਼ਮੀਨ ਹੈ ਉਧਰ ਪਾਣੀ ਨਹੀਂ ਰਿਹਾ। ਨਹਿਰ ਵਾਲੇ ਉਸ ਨੂੰ ਦੂਜੇ ਪਾਸੇ ਪਾਣੀ ਲੈ ਜਾਣ ਦੀ ਇਜਾਜ਼ਤ ਨਹੀਂ ਦਿੰਦੇ ਹਾਲਾਂ ਕਿ ਉਸ ਨੇ ਇਸ ਲਈ ਕਈ ਦਰਖਾਸਤਾਂ ਵੀ ਦਿਤੀਆਂ ਹਨ ਅਤੇ ਇਕ ਦਰਖਾਸਤ ਮੈਂ ਮਨਿਸਟਰ ਸਾਹਿਬ ਨੂੰ ਵੀ ਦਿਤੀ ਹੈ। ਹੁਣ ਵੀ ਪਤਾ ਨਹੀਂ ਕਿ ਉਸ ਦਰਖਾਸਤ ਦੇ ਸੁਣੇ ਜਾਣ ਤੇ ਕਿਤਨੀ ਦੇਰ ਹੋਰ ਲਗਣੀ ਹੈ। ਪਹਿਲੇ ਉਸ ਜ਼ਮੀਨ ਦਾ ਇਕ ਹੀ ਟੁਕੜਾ ਸੀ ਤੇ tube-well ਦਾ ਪਾਣੀ ਸਾਰੀ ਜ਼ਮੀਨ ਨੂੰ ਲਗਦਾ ਸੀ ਪਰ ਨਹਿਰ ਦੇ ਨਿਕਲ ਜਾਣ ਨਾਲ ਉਸ ਦੇ ਦੋ ਟੁਕੜੇ ਹੋ ਗਏ ਹਨ। ਇਸ ਵਿਚ ਉਸ ਦਾ ਕੋਈ ਕਸੂਰ ਵੀ ਨਹੀਂ। ਉਸ ਨੇ ਨਹਿਰ ਕਢਣ ਵਿਚ ਕੋਈ obstruction ਪੰਜਾਬ ਦੇ ਦੂਜਿਆਂ ਲੋਕਾਂ ਦੇ ਭਲੇ ਨੂੰ ਸਾਹਮਣੇ ਰਖਦਿਆਂ ਨਹੀਂ ਸੀ ਪਾਉਣੀ ਤੇ ਇਸ ਲਈ ਆਪਣੀ ਜ਼ਮੀਨ ਵੀ ਦੇ ਦਿਤੀ ਸੀ ਲੇਕਿਨ ਇਸ ਤਰ੍ਹਾਂ ਕਰਨ ਨਾਲ ਇਕ ਤਾਂ ਉਸ ਦੀ ਜ਼ਮੀਨ ਦੇ ਦੋ ਟੁਕੜੇ ਹੋ ਗਏ ਹਨ ਤੇ ਦੂਜੀ ਗੱਲ ਇਹ ਹੈ ਕਿ ਉਸ ਨੂੰ ਉਸ ਜ਼ਮੀਨ ਦੀ ਹਾਲਾਂ ਤਕ compensation ਵੀ ਨਹੀਂ ਮਿਲੀ ਜਿਹੜੀ ਉਸ ਕੋਲੋਂ ਨਹਿਰ ਲਈ ਲਈ ਗਈ ਹੈ। ਫਿਰ ਉਸ ਨੂੰ ਉਸ ਨਹਿਰ ਦੇ ਥਲਿਉਂ ਦੀ ਪਾਣੀ ਲੈ ਜਾਣ ਲਈ pipe line ਲੰਘਾਉਣ ਦੀ ਇਜ਼ਾਜ਼ਤ ਵੀ ਨਹੀਂ ਦਿੱਤੀ ਗਈ। ਇਸ ਲਈ, ਮੈਂ, ਮਨਿਸਟਰ ਸਾਹਿਬ ਅਗੇ ਅਰਜ਼ ਕਰਾਂਗਾ ਕਿ ਇਸ Amending Bill ਦੇ ਨਾਲ ਜਦ ਨਹਿਰਾਂ ਤੇ ਖਾਲ੍ਹਾਂ ਕਢਣ ਦਾ ਅਖਤਿਆਰ ਸਰਕਾਰ ਲੈ ਰਹੀ ਹੈ ਤਾਂ ਇਸ ਗੱਲ ਦਾ ਵੀ ਇੰਤਜ਼ਾਮ ਕੀਤਾ ਜਾਵੇ ਕਿ ਜਿਥੇ ਕਿਸੇ ਖੇਤ ਦੇ ਇਨ੍ਹਾਂ ਦੇ ਕਢੇ ਜਾਣ ਨਾਲ ਦੋ ਟੁਕੜੇ ਹੋ ਜਾਣ ਉਥੇ ਪਾਣੀ ਦੇ outlet ਲਈ ਇੰਤਜ਼ਾਮ ਪਹਿਲੇ ਤੋਂ ਹੀ ਕਰ ਦਿਤਾ ਜਾਏ ਤੇ syphons ਬਣਾ ਦਿੱਤੇ ਜਾਣ ਤਾਕਿ ਦੂਜੇ ਪਾਸੇ ਜ਼ਿਮੀਂਦਾਰ ਆਪਣੀ ਜ਼ਮੀਨ ਨੂੰ ਪਾਣੀ ਆਪਣੇ tube-well ਜਾਂ ਖੂਹ ਤੋਂ ਦੇ ਸਕਣ। ਜੇਕਰ ਇਹ ਕਰ ਦਿੱਤਾ ਗਿਆ ਤਾਂ ਸਰਕਾਰ ਦਾ ਮਕਸਦ ਵੀ ਇਸ ਬਿਲ ਨਾਲ ਪੂਰਾ ਹੋ ਜਾਵੇਗਾ ਤੇ ਜ਼ਿਮੀਂਦਾਰਾਂ ਨੂੰ ਤਕਲੀਫ਼ ਨਹੀਂ ਹੋਵੇਗੀ

ਕਿਉਂਜੋ ਜੇਕਰ ਉਨ੍ਹਾਂ ਦੀ ਜ਼ਮੀਨ ਦੇ ਦੋ ਟੁਕੜੇ ਵੀ ਹੋ ਜਾਣਗੇ ਤਾਂ ਵੀ ਉਹ ਆਪਣੀ ਸਾਰੀ ਜ਼ਮੀਨ ਨੂੰ ਪਾਣੀ ਦੇ ਸਕਣਗੇ । ਇਸ ਲਈ ਇਸ ਕਾਨੂੰਨ ਨੂੰ ਇਸ ਤਰ੍ਹਾਂ ਪਾਸ ਕੀਤਾ ਜਾਏ ਤਾਕਿ ਲੋਕਾਂ ਨੂੰ ਇਸ ਨਾਲ ਦਿੱਕਤ ਪੈਦਾ ਨਾ ਹੋਵੇ ।

ਸਰਦਾਰ ਉਮਰਾਉ ਸਿੰਘ (ਨਕੋਦਰ, ਜਨਰਲ) ਡਿਪਟੀ ਸਪੀਕਰ ਸਹਿਬ, ਜੋ ਬਿਲ Minister for Irrigation ਨੇ ਪੇਸ਼ ਕੀਤਾ ਹੈ ਇਸ ਲਈ ਉਨ੍ਹਾਂ ਨੂੰ ਹਾਊਸ ਵਲੋਂ ਵਧਾਈਆਂ ਮਿਲੀਆਂ ਹਨ । ਜਿਥੋਂ ਤਕ ਇਸ ਬਿਲ ਦੀ intention ਦਾ ਤਅੱਲੁਕ ਹੈ ਮੈਂ ਸਮਝਦਾ ਹਾਂ ਕਿ ਇਹ ਬਹੁਤ ਚੰਗਾ ਹੈ ਅਤੇ ਇਹ ਬੜੇ ਨੇਕ ਕੰਮ ਲਈ ਲਿਆਇਆ ਗਿਆ ਹੈ । ਪਰ ਜਦੋਂ ਅਸੀਂ ਇਸ ਵਿਚ Sub-Divisional Officers for Canals ਲਈ provide ਕੀਤੀਆਂ ਗਈਆਂ ਐਨੀਆਂ powers ਨੂੰ ਵੇਖਦੇ ਹਾਂ ਤੇ ਇਹ ਵੇਖਦੇ ਹਾਂ ਕਿ ਜੋ ਰੂਲਜ਼ ਇਸ ਤਹਿਤ ਬਣਨੇ ਹਨ ਉਨ੍ਹਾਂ ਦੇ ਬਣਾਉਣ ਦਾ ਤਰੀਕਾ clearly ਨਹੀਂ ਦੱਸਿਆ ਹੋਇਆ, ਤਾਂ ਇਸ ਦੇ ਨਾਲ ਇਹ ਸ਼ੰਕਾ ਜ਼ਰੂਰ ਪੈਦਾ ਹੁੰਦਾ ਹੈ ਜੋ ਮੈਂ ਮਨਿਸਟਰ ਸਹਿਬ ਦੀ ਸੇਵਾ ਵਿਚ ਅਰਜ਼ ਕਰਨਾ ਚਾਹੁੰਦਾ ਹਾਂ ਅਤੇ ਆਸ ਕਰਦਾ ਹਾਂ ਕਿ ਉਹ ਧਿਆਨ ਨਾਲ ਸੁਣ ਕੇ ਇਸ ਨੂੰ ਦੂਰ ਕਰਨ ਦੀ ਕੋਸ਼ਿਸ਼ ਕਰਨਗੇ । Clause 3 ਰਾਹੀਂ ਅਸਲੀ ਐਕਟ ਵਿਚ ਜਿਹੜਾ Section 30—A ਲਾਇਆ ਜਾ ਰਿਹਾ ਹੈ

> "The Divisional Canal Officer may, on his own motion or on the application of a shareholder".

ਇਸ ਦੀ ਰਾਹੀਂ Divisional Canal Officer ਨੂੰ ਇਹ ਅਖਤਿਆਰ ਦਿਤਾ ਗਿਆ ਹੈ ਕਿ ਉਹ water course ਨੂੰ ਭਾਵੇਂ ਆਪ ਤੇ ਭਾਵੇਂ ਇਕ shareholder ਦੀ ਦਰਖਾਸਤ ਤੇ ਬਦਲਣ ਲਈ ਇਕ ਨਵੀਂ ਸਕੀਮ ਬਣਾ ਸਕਦਾ ਹੈ । ਹਾਲਾਂ ਕਿ ਪਹਿਲੇ ਇਹ ਹੁੰਦਾ ਸੀ ਕਿ ਜੇਕਰ ਕਿਸੇ ਇਕ water course ਜਿਹੜਾ ਪਹਿਲੇ ਨਿਕਲਿਆ ਹੋਇਆ ਹੈ ਜਾਂ ਚਲ ਰਿਹਾ ਹੈ, ਦੇ 30 ਜਾਂ 40 shareholders ਹਨ ਤਾਂ ਅਗਰ ਉਸ ਦੇ ਖਿਲਾਫ ਕੋਈ shareholder ਦਰਖਾਸਤ ਦਿੰਦਾ ਸੀ ਕਿ ਉਸ channel ਨੂੰ ਤਬਦੀਲ ਕੀਤਾ ਜਾਣਾ ਚਾਹੀਦਾ ਹੈ ਤਾਂ ਉਸ ਨੂੰ ਉਸ ਵੇਲੇ ਤਕ ਤਬਦੀਲ ਨਹੀਂ ਕੀਤਾ ਜਾ ਸਕਦਾ ਸੀ ਜਦੋਂ ਤਕ ਉਸ water course ਦੇ ਸਾਰੇ ਦੇ ਸਾਰੇ shareholders ਉਸ ਨਾਲ agree ਨਹੀਂ ਸਨ ਕਰ ਲੈਂਦੇ । ਪਹਿਲੇ ਇਸ ਤਰ੍ਹਾਂ ਦੀ provision ਇਸ ਐਕਟ ਵਿਚ ਨਹੀਂ ਹੈ ਕਿ ਜਿਸ ਨਾਲ ਇਕ shareholder ਦੇ ਕਹਿਣ ਤੇ channel ਦੀ line ਨੂੰ ਬਦਲਿਆ ਜਾ ਸਕਦਾ ਹੋਏ ।

Mr. Deputy Speaker : You should discuss the principles only.

ਸਰਦਾਰ ਉਮਰਾਉ ਸਿੰਘ : ਮੈਂ, ਡਿਪਟੀ ਸਪੀਕਰ ਸਾਹਿਬ, principle ਦੀ ਹੀ ਗੱਲ ਕਰ ਰਿਹਾ ਹਾਂ । ਮੈਂ ਇਹ ਦੱਸ ਰਿਹਾ ਹਾਂ ਕਿ ਇਸ ਤਰ੍ਹਾਂ ਇਕ ਆਦਮੀ ਕਿਸੇ ਵੀ water course ਵਿਚ ਤਬਦੀਲੀ ਲਿਆਉਣ ਲਈ ਦਰਖਾਸਤ ਦੇ ਸਕਦਾ ਹੈ ਭਾਵੇਂ ਉਹ ਤਬਦੀਲੀ ਬਾਕੀ ਸਾਰਿਆਂ share-holders ਨੂੰ ਮਨਜ਼ੂਰ ਹੋਵੇ ਜਾਂ ਨਾ ਹੋਵੇ । ਇਸ ਤਰ੍ਹਾਂ ਉਸ ਵਿਚ ਰੁਕਾਵਟ ਪੈ ਸਕਦੀ ਹੈ ਇਕ ਆਦਮੀ ਦੀ ਮਰਜ਼ੀ ਤੇ ਇਹ ਨਹੀਂ ਹੋਣਾ ਚਾਹੀਦਾ ।

[ਸਰਦਾਰ ਉਮਰਾਓ ਸਿੰਘ]

ਇਸ ਤੋਂ ਇਲਾਵਾ, ਮੈਂ ਇਹ ਬੇਨਤੀ ਕਰਨਾ ਚਾਹੁੰਦਾ ਹੈ ਕਿ ਇਸ ਵਿਚ ਇਹ ਦਿਤਾ ਗਿਆ ਹੈ ਕਿ ਉਸ ਸਕੀਮ ਦੀ publication ਹੋਣੀ ਹੈ ਪਰ ਉਸ ਦੇ ਨਾਲ ਇਹ ਨਹੀਂ ਦਸਿਆ ਗਿਆ ਕਿ ਉਹ ਸਕੀਮ ਕਿਸ ਤਰ੍ਹਾਂ publish ਹੋਵੇਗੀ। ਫਿਰ ਇਸ ਵਿਚ ਇਹ ਵੀ ਨਹੀਂ ਦਸਿਆ ਗਿਆ ਕਿ ਸਰਕਾਰ ਨੇ rules ਕੈਸੇ ਬਨਾਉਣੇ ਹਨ। ਜੇਕਰ ਸਰਕਾਰ ਨੇ ਇਹ ਬਨਾਉਣੇ ਹਨ ਤਾਂ ਇਸ ਵਿਚ ਇਹ ਨਹੀਂ ਦਸਿਆ ਕਿ ਇਹ rules ਬਨਾਉਣ ਦੀ power ਕਿਸ ਪਾਸ ਹੋਵੇਗੀ ਅਤੇ rules ਕਿਸ ਤਰ੍ਹਾਂ ਬਣਾਏ ਜਾਣਗੇ ਇਸ ਵਿਚ ਕੋਈ ਐਸੀ ਚੀਜ਼ ਨਹੀਂ ਦਸੀ ਗਈ ਜਿਸ ਤੋਂ ਇਹ ਜ਼ਾਹਿਰ ਹੋ ਸਕੇ ਕਿ rules ਬਨਾਉਣ ਦੀ power ਕਿਸ ਨੂੰ ਦਿਤੀ ਜਾ ਰਹੀ ਹੈ। ਇਸ ਵੇਲੇ 21-3 ਦੀ ਕਾਰਵਾਈ ਦਾ ਜ਼ਿਮੀਦਾਰਾਂ ਨੂੰ ਪਤਾ ਵੀ ਨਹੀਂ ਲਗਦਾ। ਕਾਰਵਾਈ ਦੋ ਤਿੰਨ ਮਹੀਨੇ ਚਲਦੀ ਰਹਿੰਦੀ ਹੈ ਪਰ ਉਨ੍ਹਾਂ ਨੂੰ ਪਤਾ ਵੀ ਨਹੀਂ ਲਗਦਾ ਕਿ ਅਸਲ ਵਿਚ ਸਕੀਮ ਕੀ ਹੈ। ਇਸ ਲਈ ਇਸ ਵੇਲੇ ਜੋ publication ਦਾ ਤਰੀਕਾ ਹੈ ਉਹ ਬੜਾ defective ਹੈ। ਉਸ ਵਲ ਖਾਸ ਧਿਆਨ ਦਿਤਾ ਜਾਏ। ਇਹ publication irrigation ਦੇ ਦਫਤਰਾਂ ਵਿਚ ਨਹੀਂ ਹੋਣੀ ਚਾਹੀਦੀ ਸਗੋਂ ਇਸ ਦੀ publication ਪਿੰਡਾਂ ਵਿਚ conspicuous ਥਾਵਾਂ ਤੇ ਹੋਣੀ ਚਾਹੀਦੀ ਹੈ। ਫਿਰ ਸਕੀਮ ਲਈ ਜ਼ਮੀਨ ਦੀ acquisition ਦੇ ਮੁਤਲਿਕ ਅਤੇ water course ਦੀ line ਦੇ ਮੁੱਤਲਿਕ ਜੋ ਸਕੀਮ ਬਣਦੀ ਹੈ ਉਹ ਬੜੀ ਸਾਫ਼ ਤੌਰ ਤੇ clear ਲਫ਼ਜ਼ਾਂ ਵਿਚ ਹੋਣੀ ਚਾਹੀਦੀ ਹੈ ਤਾਂ ਜੋ ਨਹਿਰ ਦੇ ਅਫ਼ਸਰਾਂ ਨੂੰ ਉਸ ਵਿਚ ਕੋਈ lacuna ਨਾ ਮਿਲ ਸਕੇ ਯਾ ਕੋਈ ਖਾਸ ਅਖਤਿਆਰ ਨਾ ਮਿਲ ਸਕੇ, ਜਿਸ ਨਾਲ shareholders affect ਹੋਣ। ਫਿਰ ਇਸ ਲਈ shareholders ਕੋਲੋਂ objections ਲਏ ਜਾਣਗੇ। ਇਸ ਮਤਲਬ ਲਈ objections ਦੇਣ ਦੀ ਮਿਆਦ ਇਕ ਮਹੀਨਾਂ ਰੱਖੀ ਗਈ ਹੈ, ਪਰ ਜ਼ਮੀਨ ਦੀ acquisition ਲਈ ਇਹ ਮਿਆਦ 15 ਦਿਨ ਰੱਖੀ ਗਈ ਹੈ ਜਿਹੜੀ ਕਿ ਬਹੁਤ ਥੋੜੀ ਹੈ। ਜੇ ਸਰਕਾਰ ਚਾਹੁੰਦੀ ਹੈ ਕਿ ਉਨ੍ਹਾਂ ਦੇ objections ਜ਼ਾਇਦੁਲ ਮਿਆਦ ਨਾ ਹੋ ਜਾਣ ਤਾਂ ਇਨ੍ਹਾਂ ਸਕੀਮਾਂ ਦੀ publication ਬੜੇ ਚੰਗੇ ਤਰੀਕੇ ਨਾਲ ਹੋਣੀ ਚਾਹੀਦੀ ਹੈ। ਇਹ ਪਿੰਡਾਂ ਵਿਚ ਉਥੇ ਬੋਲੀ ਜਾਂਦੀ ਜ਼ਬਾਨ ਵਿਚ ਕੀਤੀ ਜਾਣੀ ਚਾਹੀਦੀ ਹੈ ਤਾਕਿ ਉਹ ਇਨ੍ਹਾਂ objections ਦੇਣ ਦੇ ਮੌਕੇ ਦਾ ਪੂਰਾ ਪੂਰਾ ਫਾਇਦਾ ਉਠਾ ਸਕਣ।

ਇਕ ਗੱਲ ਮੈਂ compensation ਬਾਰੇ ਵੀ ਦੱਸਣਾ ਚਾਹੁੰਦਾ ਹਾਂ। Compensation ਦੋ ਤਰ੍ਹਾਂ ਨਾਲ ਦਿਤੀ ਜਾਣੀ ਹੈ, ਇਕ ਤਾਂ ਸਰਕਾਰ ਨੇ ਦੇਣੀ ਹੈ ਤੇ ਦੂਜੀ ਬਾਕੀ ਦੇ shareholders ਨੇ ਦੇਣੀ ਹੈ। ਇਸ ਲਈ ਇਸ ਬਾਰੇ ਇਸ ਗੱਲ ਦੀ ਬੜੀ ਲੋੜ ਹੈ ਕਿ ਇਹ ਸਹੀ ਤਰੀਕੇ ਨਾਲ ਬੜੇ clearly ਬਣਾਏ ਜਾਣ ਤਾਕਿ ਪਤਾ ਲੱਗ ਜਾਏ ਕਿ ਕਿਸ ਕਿਸ shareholder ਨੇ ਕਿਤਨੀ ਕਿਤਨੀ compensation ਦੇਣੀ ਹੈ। ਇਸ ਸਿਲਸਿਲੇ ਵਿਚ ਮੈਂ ਅਰਜ਼ ਕਰਦਾ ਹਾਂ ਕਿ ਜੇਕਰ ਇਕ water course ਇਕ ਮੀਲ ਲੰਬਾ ਜਾਂਦਾ ਹੈ ਤਾਂ ਕਈ shareholders ਦੀ ਜ਼ਮੀਨ ਮੋਘੇ ਦੇ ਮੂੰਹ ਕੋਲ ਹੁੰਦੀ ਹੈ ਔਰ ਕਈਆਂ ਦੀ ਮੂੰਹ ਤੋਂ ਇਕ ਮੀਲ ਦੂਰ ਹੁੰਦੀ ਹੈ। ਇਸ ਲਈ ਦੋਹਾਂ ਲਈ rules ਵਿਚ ਸਾਫ਼ ਸਾਫ਼ provision ਕਰ ਦਿਤੀ ਜਾਣੀ ਚਾਹੀਦੀ ਹੈ।

(At this stage Mr. Speaker occupied the Chair.)

ਕੀ ਜੋ compensation ਲਈ ਜਾਂਦੀ ਹੈ ਉਹ ਉਸ ਤੋਂ ਵੀ ਉਤਨੀ ਹੀ ਲਈ ਜਾਂਦੀ ਹੈ

ਜਿਸ ਦੀ ਜ਼ਮੀਨ ਇਕ ਮੀਲ ਤੇ ਹੈ ਅਤੇ ਉਸ ਤੋਂ ਵੀ ਉਤਨੀ ਹੀ ਲਈ ਜਾਣੀ ਹੈ ਜਿਸ ਦੀ ਮੋਘੇ ਦੇ ਮੂੰਹ ਤੇ ਹੈ। ਇਸ ਬਾਰੇ clear ਤੌਰ ਤੇ rules ਹੋਣੇ ਚਾਹੀਦੇ ਹਨ ਤਾਕਿ ਇਸ ਚੀਜ਼ ਦਾ ਕੋਈ ਅਫਸਰ ਨਾਜਾਇਜ਼ ਫਾਇਦਾ ਨਾ ਉਠਾ ਸਕੇ। ਸੋ ਮੈਂ ਇਸ ਚੀਜ਼ ਵਲ ਧਿਆਨ ਦਿਵਾਉਣਾ ਚਾਹੁੰਦਾ ਹਾਂ ਕਿ ਜਿਸ ਦੀ ਜ਼ਮੀਨ ਇਕ ਮੀਲ ਤੇ ਹੈ ਉਸ ਦੀ ਜ਼ਮੀਨ ਬਹੁਤ ਜ਼ਿਆਦਾ ਆਏਗੀ ਅਤੇ ਜਿਸ ਦੀ ਜ਼ਮੀਨ ਮੋਘੇ ਦੇ ਮੂੰਹ ਤੇ ਹੈ ਉਸ ਦੀ ਬਹੁਤ ਥੋੜੀ ਜ਼ਮੀਨ acquire ਕੀਤੀ ਜਾਵੇਗੀ। ਇਸ ਲਈ ਇਹ ਗਲ ਸਾਫ਼ ਹੋਣੀ ਚਾਹੀਦੀ ਹੈ ਕਿ ਦੋਨਾਂ ਕਿਸਮਾਂ ਦੇ beneficiaries ਨੂੰ ਕਿਸ ਲਿਹਾਜ਼ ਨਾਲ compensation ਮਿਲੇਗੀ। ਇਹ ਗੱਲ clear ਕਰ ਦਿਉ।

ਫਿਰ acquisition ਬਾਰੇ objections ਜੋ ਦੇਣੀਆਂ ਹਨ ਉਹ 20 ਜਾਂ 15 ਦਿਨਾਂ ਵਿਚ ਦੇਣੀਆਂ ਹਨ। ਪਰ ਇਹ ਗਲ ਨਹੀਂ ਦਸੀ ਗਈ ਕਿ ਉਹ objections ਸੁਣੀਆਂ ਕਿਵੇਂ ਜਾਣੀਆਂ ਹਨ। ਮੈਂ ਕਹਿਣਾ ਚਾਹੁੰਦਾ ਹਾਂ ਕਿ ਉਨ੍ਹਾਂ ਲੋਕਾਂ ਨੂੰ ਮੁਕੰਮਲ opportunity ਦਿਤੀ ਜਾਣੀ ਚਾਹੀਦੀ ਹੈ to be heard ਤਾਂ ਜੋ ਉਹ ਦਸ ਸਕਣ ਕਿ ਉਨ੍ਹਾਂ ਨਾਲ ਕੀ ਬੇਇਨਸਾਫੀ ਹੋਈ। ਉਨ੍ਹਾਂ ਦੇ objections ਲਿਖਕੇ ਦੇ ਦੇਣ ਜਾਂ ਜੇਕਰ ਉਨ੍ਹਾਂ ਨੂੰ ਕਮਰੇ ਵਿਚ ਬੈਠ ਕੇ ਸੁਣੋਗੇ ਤਾਂ justice ਨਹੀਂ ਦੇ ਸਕੋਗੇ। ਭਾਵੇਂ Divisional Canal Officer ਹੈ, ਭਾਵੇਂ S.E. ਹੈ, ਜਿਸ ਦੇ ਜ਼ਿੰਮੇ ਇਹ ਕੰਮ ਹੈ ਉਸ ਨੂੰ ਚਾਹੀਦਾ ਹੈ ਕਿ ਜਿਨਾਂ ਉੱਤੇ ਇਨ੍ਹਾਂ ਸਕੀਮਾਂ ਦਾ ਅਸਰ ਹੁੰਦਾ ਹੈ ਉਨ੍ਹਾਂ ਦੀ ਗਲ ਚੰਗੀ ਤਰ੍ਹਾਂ ਸੁਣੇ ਤਾਂ ਹੀ ਕੁਝ ਫਾਇਦਾ ਹੋਵੇਗਾ। ਪਹਿਲਾਂ ਵੇਖਿਆ ਹੈ, ਸਕੀਮਾਂ ਬਣ ਜਾਂਦੀਆਂ ਹਨ ਪਰ ਕੰਮ ਅੱਗੇ ਨਹੀਂ ਚਲਦਾ। ਜ਼ਮੀਂਦਾਰਾ ਨਾਲ ਝਗੜਾ ਰਹਿੰਦਾ ਹੈ, ਉਹ alignments ਵਗੈਰਾ ਹੀ ਨਹੀਂ ਹੋਣ ਦਿੰਦੇ। ਕੰਮ ਰੁਕਿਆ ਪਿਆ ਹੈ। ਜਲੰਧਰ Model Town ਵਿਚ ਦੋ ਸਾਲ ਤੋਂ ਇਸੇ ਤਰ੍ਹਾਂ ਦਾ ਝਗੜਾ ਪਿਆ ਹੋਇਆ ਹੈ। Shareholders ਸੜਕ ਨਹੀਂ ਕੱਢਣ ਦਿੰਦੇ। ਸੋ ਜੋ water courses ਬਣਨੇ ਹਨ majority of the shareholders ਦੀ ਇਹ ਕੋਸ਼ਿਸ਼ ਹੋਵੇਗੀ ਕਿ ਖਾਲ ਉਨ੍ਹਾਂ ਦੀ ਜ਼ਮੀਨ ਵਿਚੋਂ ਨਾ ਨਿਕਲੇ ਤਾਂ ਇਹ ਝਗੜਿਆਂ ਦੀ ਸੰਭਾਵਨਾ ਹੈ। ਸੋ ਸਾਨੂੰ ਹਰ ਉਸ ਚੀਜ਼ ਦਾ provision ਕਰ ਦੇਣਾ ਚਾਹੀਦਾ ਹੈ ਜਿਸ ਨਾਲ ਦੇਰ ਘੱਟ ਹੋ ਸਕੇ, ਝਗੜੇ ਘੱਟ ਹੋ ਸਕਣ ਅਤੇ ਉਨ੍ਹਾਂ ਦਾ arbitrary ਇਸਤੇਮਾਲ ਨਾ ਹੋ ਸਕੇ। Rules ਜੋ ਬਣਾਏ ਜਾਣੇ ਹਨ ਉਹ strict ਬਣਾਏ ਜਾਣ ਅਤੇ ਉਨ੍ਹਾਂ ਦੀ ਮੁਖਾਲਫ਼ਤ ਦੀ ਕੋਈ ਗੁੰਜਾਇਸ਼ ਨਾ ਹੋਵੇ ਅਤੇ ਨਾ ਹੀ shareholders ਨੂੰ ਨੁਕਸਾਨ ਹੋਵੇ।

मौलवी अब्दुल ग़नी डार (नूह) : स्पीकर साहिब, मुझे खुशी है कि हमारे काबिले एहतराम वज़ीर साहिब ने एक बेहतरीन कदम उठाने का फैसला किया है। जब से मुल्क आज़ाद हुआ है, बरसात के बरसात बारिश ने काफ़ी जमीन खराब की है। यहां पर ड्रेन्ज़ की कमी की वजह से काफी किसान बरबाद हुए हैं। मगर अब जब सरकार इस तरफ़ तवज्जुह दे रही है तो मुझे यकीन है कि हमारे आपोजीशन के दोस्त भी सरकार से सहमत होंगे कि उस ने एक सही कदम उठाया है। मगर सरदार उमराओ सिंह ने जो सुझाव दिए हैं उन की तरह मुझे भी कुछ खतरा दिखाई देता है। आप ने सड़कों पर सफ़र किया है, तो आप ने देखा है कि उन में काफ़ी मोड़ तोड़ हैं और यह इस वजह से होता है कि किसी

[मौलवी अब्दुल गनी डार]

को ज़मीन बचा कर उस को औबलाइज़ करना होता है। फिर कम्पनसेशन का सवाल आता है। कुछ अफ़सर अच्छे भी हैं जो लोगों की फिक्र करते हैं मगर कुछ ऐसे भी हैं जो इख्तयारात का गलत इस्तेमाल करते हैं। आप ने देखा होगा कि हरिजनों के लिये गवर्नमेंट ने ज़मीन ऐक्वायर करने का फैसला किया है। उस में भी अफ़सरों ने चालाकी की। सराए नाका में ज़मीन खरीदने का फैसला किया और वह भी कैरों साहिब के अज़ीज़ सरदार हरचरण सिंह ऐम० ऐल० ए० की। फिर संगरूर में भी यही हुआ। श्री जीत सिंह ए० आई० जी०, सी० आई० डी० की ज़मीन ऐक्वायर कर ली और लाख रुपया दे दिया, हालांकि गवर्नमेंट ने अपने फार्म में जो दो मील के फासला पर था, खुद काम करना था और हिसार फार्म से मतलूबा बैल वगैरह भी पहुंच रहे थे। मतलब यह है कि मिनिस्टर साहिबान तो भले की बात करते हैं मगर अफसरान चालाकी करते हैं जिस से बरबादी हो जाती है, जिस से सरकार की बदनामी होती है। इस तरफ़ सरकार को ध्यान देना चाहिए। फिर जैसे सरदार उमराओ सिंह ने कहा है पबलिसिटी के ढंग को ठीक करिए। लोगों की शिकायत सुनें और यह न हो कि फिर वही नैपोटिज़म और फेवरिटिज़म का किस्सा चले। ऐसे में उम्मीद करता हूं कि आपोज़ीशन और सरकारी पार्टी दोनों मिल कर वज़ीर साहिब को इस कदम पर बधाई देंगे और सहयोग देंगे।

Sardar Gurmit Singh 'Mit' (Baghapurana, General): Sir, I beg to move—

That the Northern India Canal and Drainage (Amendment) Bill be referred to a Select Committee consisting of—

(1) Sardar Atma Singh.
(2) Sardar Jasdev Singh Sandhu.
(3) Rao Gajraj Singh.
(4) Sardar Bhupinder Singh Mann.
(5) Sardar Waryam Singh (Amritsar).
(6) Chaudhri Dharam Singh Rathi.
(7) Sardar Gian Singh Rarewala.
(8) Sardar Gurmit Singh 'Mit'.

Mr. Speaker: Motion moved—

That the Northern India Canal and Drainage (Amendment) Bill be referred to a Select Committee consisting of—

